### ਸੰਮਿਲਤ ਸਿੱਖਿਆ (Inclusive Education) ਸਬੰਧੀ ਅਧਿਆਪਕਾਂ ਲਈ

# ਟਰੇਨਿੰਗ ਮਾਡਿਊਲ

ਸਰਵ ਸਿੱਖਿਆ ਅਭਿਆਨ

ਪੜ੍ਹੋ ਸਾਰੇ ਵਧੋ ਸਾਰੇ

## ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ

ਓ

# ਤਤਕਰਾ


| | | |
|---|---|---|
| 1 | ਸੰਮਿਲਤ ਸਿੱਖਿਆ | 7 |
| 2 | ਵੇਖਣ ਦੀ ਸਮੱਸਿਆ ਸਬੰਧੀ | 16 |
| 3 | ਸੁਣਨ/ਬੋਲਣ ਵਿੱਚ ਸਮੱਸਿਆ ਸੰਬੰਧੀ | 22 |
| 4 | ਤੁਰਨ-ਫਿਰਨ ਵਿੱਚ ਸਮੱਸਿਆ | 29 |
| 5 | ਮੰਦਬੁੱਧੀ ਬੱਚਿਆਂ ਲਈ | 36 |
| 6 | ਸਿੱਖਣ ਦੀ ਸਮੱਸਿਆ ਸਬੰਧੀ | 42 |
| 7 | ਕੁਝ ਹੋਰ ਸਮੱਸਿਆਵਾਂ ਵਾਲੇ ਬੱਚੇ | 46 |
| 8 | ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੇ ਮੁਲਾਂਕਣ ਦੀਆਂ ਵਿਧੀਆਂ | 60 |
| 9 | ਵਿਕਲਾਂਗਤਾ ਰੋਕਣ ਦੇ ਢੰਗ | 65 |
| 10 | ਸਰਕਾਰ ਵਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ | 71 |
| 11 | ਸਰਵ ਸਿੱਖਿਆ ਅਭਿਆਨ ਅਧੀਨ ਸੇਵਾਕ੍ਰਿਤ ਅਧਿਆਪਕਾਂ ਦੀ ਟਰੇਨਿੰਗ | 77 |
| 12 | ਸਰਵ ਸਿੱਖਿਆ ਅਭਿਆਨ ਅਧੀਨ ਇਨਕਲੂਸਿਵ ਐਜੂਕੇਸ਼ਨ ਟੀਚਰ ਟਰੇਨਿੰਗ | 79 |
| 13 | ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਸਹਾਇਤਾ ਸਮੱਗਰੀ ਅਤੇ ਤਕਨੀਕੀ ਸਮੱਗਰੀ | 81 |

# ਵਿਸ਼ੇਸ਼ ਵਿਦਿਅਕ ਲੋੜਾਂ ਵਾਲੇ ਬੱਚਿਆਂ ਦੀ ਪਹਿਚਾਣ ਲਈ ਪੜਤਾਲ ਸੂਚੀ

**1. ਦ੍ਰਿਸ਼ਟੀ ਦੋਸ਼ ਲਈ:-**

- ਕੀ ਬੱਚਾ ਆਪਣੀਆਂ ਅੱਖਾਂ ਨੂੰ ਜ਼ੋਰ ਨਾਲ ਮਲਦਾ ਹੈ ਜਾਂ ਝਪਕਾਉਂਦਾ ਹੈ, ਵਿਸ਼ੇਸ਼ ਤੌਰ ਤੇ ਨੇੜੇ ਦੀਆਂ ਵਸਤੂਆਂ ਵੇਖਣ ਸਮੇਂ?
- ਬੱਚੇ ਦੀਆਂ ਅੱਖਾਂ ਵਿੱਚ ਲਗਾਤਾਰ ਪਾਣੀ ਭਰਿਆ ਰਹਿੰਦਾ ਜਾਂ ਵਗਦਾ ਰਹਿੰਦਾ ਹੈ ਜਾਂ ਫਿਰ ਉਨ੍ਹਾਂ ਵਿੱਚ ਸੋਜ਼ਿਸ਼ ਰਹਿੰਦੀ ਹੈ ਅਤੇ ਉਨ੍ਹਾਂ ਦਾ ਰੰਗ ਲਾਲ ਹੈ।
- ਵੇਖਣ ਸਮੇਂ ਆਪਣਾ ਸਿਰ ਅੱਗੇ ਨੂੰ ਮੋੜਦਾ ਜਾਂ ਝੁਕਾਉਂਦਾ ਹੈ।
- ਪੜ੍ਹਨ ਸਮੇਂ ਪਾਠ ਸਮੱਗਰੀ ਨੂੰ ਆਪਣੀਆਂ ਅੱਖਾਂ ਦੇ ਬਹੁਤ ਨੇੜੇ ਰੱਖਦਾ ਹੈ।
- ਕੀ ਉਹ ਟੀਰ ਮਾਰਦਾ ਹੈ ਜਾਂ ਪਲਕਾਂ ਹੇਠਾਂ ਸੁੱਟੀ ਰੱਖਦਾ ਹੈ।
- ਉਸ ਨੂੰ ਅੱਖਾਂ ਅੱਗੇ ਧੁੰਦਲਾਪਨ, ਇਨ੍ਹਾਂ ਵਿੱਚ ਖਾਰਿਸ਼ ਜਾਂ ਅੱਖਾਂ ਦੁਆਲੇ ਝਰੀਟਾਂ ਪਈਆਂ ਰਹਿਣ ਦੀ ਸ਼ਿਕਾਇਤ ਰਹਿੰਦੀ ਹੈ।

**2. ਸੁਣਨ ਦੋਸ਼ ਲਈ:-**

- ਬੱਚੇ ਨੂੰ ਜੋ ਬੋਲਿਆ ਜਾ ਰਿਹਾ ਹੈ, ਸਮਝਣ ਵਿੱਚ ਮੁਸ਼ਕਿਲ ਮਹਿਸੂਸ ਹੁੰਦੀ ਹੈ।
- ਉਸ ਦੀ ਆਵਾਜ਼ ਹੈ ਹੀ ਨਹੀਂ ਜਾਂ ਫਿਰ ਸਪੱਸ਼ਟ ਨਹੀਂ ਜਾਂ ਅਸੁਭਾਵਿਕ ਹੈ।
- ਗੱਲ ਕਰਦੇ ਸਮੇਂ ਇਸ਼ਾਰਿਆਂ ਦੀ ਵੱਧ ਵਰਤੋਂ ਕਰਦਾ ਹੈ।
- ਉਹ ਪੁੱਛੇ ਪ੍ਰਸ਼ਨਾਂ ਜਾਂ ਗੱਲਾਂ ਨੂੰ ਦੁਹਰਾਉਣ ਲਈ ਕਹਿੰਦਾ ਹੈ।
- ਉਸਦੇ ਕੰਨ ਲਗਾਤਾਰ ਵਗਦੇ ਰਹਿੰਦੇ ਹਨ।
- ਉਹ ਸੁਣਦੇ ਸਮੇਂ ਬੁਲਾਰੇ ਦੇ ਹੋਂਠਾਂ ਅਤੇ ਚਿਹਰੇ ਵੱਲ ਜ਼ਰੂਰਤ ਤੋਂ ਵੱਧ ਧਿਆਨ ਦਿੰਦਾ ਹੈ।
- ਉਸਦੇ ਕੰਨਾਂ ਅਤੇ ਚਿਹਰੇ ਦੀ ਬਨਾਵਟ ਸੁਭਾਵਿਕ ਨਹੀਂ।

**3. ਮੰਦ ਬੁੱਧੀ ਲਈ:-**

- ਤਿੰਨ ਸਾਲ ਦੀ ਉਮਰ ਹੋ ਜਾਣ ਤੇ ਵੀ 2-3 ਸ਼ਬਦਾਂ ਵਾਲੇ ਵਾਕ ਬੋਲਦਾ ਹੈ।
- ਚਾਰ ਸਾਲ ਦੀ ਉਮਰ ਹੋ ਜਾਣ ਤੇ ਵੀ ਖੁਦ ਖਾਣ-ਪੀਣ ਵਿਚ ਸਮੱਰਥ ਨਹੀਂ ਹੁੰਦਾ।
- ਚਾਰ ਸਾਲ ਦੀ ਉਮਰ ਤੱਕ ਵੀ ਪਾਖਾਨੇ ਅਤੇ ਪੇਸ਼ਾਬ ਕਰਨ ਤੇ ਨਿਯੰਤ੍ਰਨ ਨਹੀਂ ਰੱਖ ਪਾਉਂਦਾ।
- ਉਸ ਦੀਆਂ ਬੈਠਣ, ਖੜ੍ਹੇ ਹੋਣ, ਚੱਲਣ ਆਦਿ ਜਿਹੀਆਂ ਸਰੀਰਕ ਮੁੱਦਰਾਵਾਂ ਦਾ ਵਿਕਾਸ ਕਾਫੀ ਦੇਰ ਨਾਲ ਹੋਇਆ ਹੈ।
- ਉਹ ਬਿਲਕੁੱਲ ਨਹੀਂ ਬੋਲਦਾ ਜਾਂ ਕਾਫੀ ਦੇਰ ਬਾਅਦ ਬੋਲਣਾ ਸਿੱਖਦਾ ਹੈ।
- ਉਸਦੇ ਸਰੀਰ ਵਿਚ ਕੋਈ ਵਿਕਾਰ ਜਾਂ ਬੇਢੰਗਾਪਨ ਹੈ।
- ਉਸਨੂੰ ਛੋਟੀਆਂ ਛੋਟੀਆਂ ਗੱਲਾਂ ਯਾਦ ਕਰਵਾਉਣ ਲਈ ਵਾਰ-ਵਾਰ ਦੁਹਰਾਉਣਾ ਪੈਂਦਾ ਹੈ।
- ਉਸ ਦਾ ਆਪਣੀਆਂ ਮੁੱਦਰਾਵਾਂ ਅਤੇ ਪੇਸ਼ਾਬ ਆਦਿ ਤੇ ਘੱਟ ਨਿਯੰਤ੍ਰਨ ਹੈ।

- ਸਕੂਲ ਵਿੱਚ ਪੜ੍ਹਾਏ ਗਏ ਪਾਠਾਂ ਦੀ ਘੱਟ ਸਮਝ ਆਉਂਦੀ ਹੈ।
- ਨਵੇਂ ਤੱਥ ਸਮਝਣ ਅਤੇ ਦੁਹਰਾਉਣ ਵਿੱਚ ਔਕੜ ਮਹਿਸੂਸ ਕਰਦਾ ਹੈ।
- ਆਮ ਬੱਚਿਆਂ ਦੀ ਤੁਲਨਾ ਵਿਚ ਸਮਝਣ ਅਤੇ ਕੰਮਕਾਜ ਕਰਨ ਵਿੱਚ ਕਠਿਨਾਈ ਮਹਿਸੂਸ ਕਰਦਾ ਹੈ।

**4. ਸਵੈਲੀਨਤਾ/ਆਤਮ ਲੀਨਤਾ (Autism)**

- ਹਲਕੇ ਦਰਜੇ ਦੇ ਆਪਸੀ ਸੰਬੰਧ ਅਰਥਾਤ ਬੱਚਾ ਦੂਜਿਆਂ ਨਾਲ ਗੱਲਬਾਤ ਨਹੀਂ ਕਰਦਾ ਅਤੇ ਆਪਣੇ ਆਪ ਵਿੱਚ ਹੀ ਇੱਕਲਾ ਇੱਕਲਾ ਰਹਿੰਦਾ ਹੈ। ਵਿਚਾਰ ਪ੍ਰਗਟ ਕਰਨ ਦੀ ਸਮਰੱਥਾ ਘੱਟ ਹੈ।
- ਪ੍ਰਕਾਸ਼, ਧੁਨੀ, ਛੂਹਣ-ਸ਼ਕਤੀ ਅਤੇ ਦਰਦ ਆਦਿ ਵਾਤਾਵਰਨ, ਉਤੇਜਨਾਵਾਂ ਪ੍ਰਤੀ ਵਿਲੱਖਣ ਪ੍ਰਤੀਕਿਰਿਆ ਦਰਸਾਉਂਦਾ ਹੈ।
- ਉਹ ਸਰੀਰ ਦੇ ਹਿਲਾਉਂ-ਤੁਲਾਉਣ, ਹੱਥ ਲਹਿਰਾਉਣ, ਬੇਲੋੜਾ ਬੋਲਣ ਆਦਿ ਜਿਹੀਆਂ ਘਿਸੀਆਂ-ਪਿਟੀਆਂ ਵਿਅਰਥ ਮੁੱਦਰਾਵਾਂ ਕਰਦਾ ਰਹਿੰਦਾ ਹੈ।
- ਉਹ ਖੇਡਣ ਮੱਲਣ ਦੇ ਅਸੁਭਾਵਿਕ ਤਰੀਕੇ ਅਪਨਾਉਂਦਾ ਹੈ।

**5. ਸਿੱਖਣ ਅਪੰਗਤਾ (Learning Disability)**

- ਜਮਾਤ ਵਿਚ ਚੁੱਪਚਾਪ ਬੈਠਣ ਵਿਚ ਔਖ ਮਹਿਸੂਸ ਕਰਦਾ ਹੈ।
- ਸੁਣੇ ਗਏ ਸ਼ਬਦਾਂ ਨੂੰ ਠੀਕ ਤਰ੍ਹਾਂ ਨਹੀਂ ਲਿਖ ਸਕਦਾ।
- ਪੜ੍ਹਣ ਵਿੱਚ ਮਨ ਨਹੀਂ ਲਗਾਉਂਦਾ।
- ਸੱਜੇ/ਖੱਬੇ ਪਾਸੇ ਬਾਰੇ ਭੁਲੇਖੇ ਵਿਚ ਰਹਿੰਦਾ ਹੈ।
- ਪੜ੍ਹਦੇ ਸਮੇਂ ਸ਼ਬਦਾਂ ਦੇ ਸਥਾਨ, ਦੁਹਰਾਓ, ਵਿਚਕਾਰ ਲਿਖਣ, ਬਦਲਣ, ਮਿਟਾਉਣ ਆਦਿ ਬਾਰੇ ਬਹੁਤ ਗਲਤੀਆਂ ਕਰਦਾ ਹੈ।
- ਕਿਤਾਬ ਜਾਂ ਬਲੈਕ-ਬੋਰਡ ਤੋਂ ਨਕਲ ਉਤਾਰਦੇ ਸਮੇਂ ਔਕੜ ਮਹਿਸੂਸ ਕਰਦਾ ਹੈ, ਚਾਹੇ ਉਸਦੀ ਨਜ਼ਰ ਪੂਰੀ ਤਰ੍ਹਾਂ ਠੀਕ ਹੁੰਦੀ ਹੈ।
- ਚਾਹੇ ਬੱਚੇ ਦੀ ਸਮਝਣ ਸ਼ਕਤੀ ਠੀਕ ਹੁੰਦੀ ਹੈ, ਫਿਰ ਵੀ ਉਹ ਸੰਬੰਧਤ ਪ੍ਰਸ਼ਨਾਂ ਦੇ ਉੱਤਰ ਦੇਣ ਵਿੱਚ ਅਸਮਰੱਥ ਰਹਿੰਦਾ ਹੈ।

**6. ਬੌਧਿਕ ਲਾਚਾਰੀ:-**

- ਜੇਕਰ ਬੱਚਾ ਜਨਮ ਤੋਂ ਤੁਰੰਤ ਬਾਅਦ ਰੋ ਨਾ ਸਕਿਆ ਹੋਵੇ।
- ਜੇ ਬੱਚੇ ਨੂੰ ਚੂਸਣ ਜਾਂ ਨਿਗਲਣ ਵਿੱਚ ਮੁਸ਼ਕਿਲ ਆਉਂਦੀ ਹੋਵੇ।
- ਜੇ ਬੱਚਾ ਤਿੰਨ ਮਹੀਨੇ ਦੀ ਉਮਰ ਤੀਕ ਮੁਸਕਰਾਉਣ ਵਿੱਚ ਅਸਫ਼ਲ ਰਹਿੰਦਾ ਹੈ ਜਾਂ ਫਿਰ ਅੱਠ ਮਹੀਨੇ ਦੀ ਉਮਰ ਤੀਕ ਵੀ ਸਹਾਰੇ ਤੋਂ ਬਗੈਰ ਬੈਠਣਾ ਨਹੀਂ ਸਿੱਖਿਆ।
- ਬੱਚੇ ਦੀ ਮੁਦਰਾ ਵਿਲੱਖਣ ਹੋਵੇ, ਲੱਤਾਂ ਵਿਚਲੀ ਕਾਟ ਕੈਂਚੀ ਵਰਗੀ ਹੋਵੇ।
- ਜੇ ਇੱਕ ਸਾਲ ਦਾ ਹੋ ਕੇ ਵੀ ਬੱਚਾ ਮੂੰਹ ਵਿਚੋਂ ਲਾਰਾਂ ਟਪਕਾਉਂਦਾ ਹੋਵੇ।

# ਮੁੱਖ ਬੰਧ

ਵਿਸ਼ੇਸ਼ ਬੱਚਿਆਂ ਨੂੰ ਆਮ ਬੱਚਿਆਂ ਦੇ ਨਾਲ ਬਿਠਾ ਕੇ ਇੱਕੋ ਹੀ ਕਲਾਸ ਰੂਮ ਵਿੱਚ ਉਹਨਾਂ ਦੀ ਲੋੜ ਅਨੁਸਾਰ ਸਿੱਖਿਆ ਦੇਣ ਨੂੰ ਸੰਮਿਲਤ ਸਿੱਖਿਆ (Inclusive Education) ਕਹਿੰਦੇ ਹਨ। ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਪੜ੍ਹਾਉਣ ਦੇ ਵੱਖ ਵੱਖ ਢੰਗ ਅਪਨਾਉਣ, ਲੋੜ ਅਨੁਸਾਰ ਸਿਲੇਬਸ ਵਿੱਚ ਤਬਦੀਲੀ ਕਰਨ ਅਤੇ ਵਿਸ਼ੇਸ਼ ਸਿੱਖਣ-ਸਿਖਾਉਣ ਸਮੱਗਰੀ ਦੀ ਵਰਤੋਂ ਕਰਨ ਨਾਲ ਸਿੱਖਿਆ ਨੂੰ ਵਿਸ਼ੇਸ਼ ਬੱਚਿਆਂ ਤੱਕ ਪਹੁੰਚਾਉਣਾ ਆਸਾਨ ਹੋ ਜਾਂਦਾ ਹੈ। ਇਨਕਲੂਸਿਵ ਸਿੱਖਿਆ ਵਿੱਚ ਮਿਲ-ਜੁਲ ਦੇ ਕੰਮ ਕਰਨ ਦੀ ਲੋੜ ਹੁੰਦੀ ਹੈ, ਜਿਸ ਵਿੱਚ ਵਿਸ਼ੇਸ਼ ਲੋੜਾਂ ਵਾਲੇ ਬੱਚੇ, ਉਨਾਂ ਦੇ ਮਾਤਾ ਪਿਤਾ ਅਤੇ ਅਧਿਆਪਕ ਸ਼ਾਮਿਲ ਹੁੰਦੇ ਹਨ, ਪਰ ਸਿੱਖਿਆ ਦੇਣ ਦੀ ਮੁੱਖ ਜ਼ਿੰਮੇਵਾਰੀ ਸਕੂਲ ਦੀ ਹੀ ਹੈ। ਇਸ ਲਈ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਮਿਆਰੀ ਸਿੱਖਿਆ ਦੇਣ ਲਈ ਅਧਿਆਪਕ ਨੂੰ ਸਮਰੱਥ ਬਣਾਉਣਾ ਬਹੁਤ ਜ਼ਰੂਰੀ ਹੈ।

ਸੰਮਿਲਤ ਸਿੱਖਿਆ (Inclusive Education) ਸਬੰਧੀ ਅਧਿਆਪਕਾਂ ਲਈ ਟਰੇਨਿੰਗ ਮਾਡਿਊਲ ਵਿੱਚ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀਆਂ ਕਿਸਮਾਂ, ਉਨ੍ਹਾਂ ਦੀ ਪਹਿਚਾਣ ਸੂਚੀ, ਕਲਾਸ ਰੂਮ ਦੀ ਮੈਨੇਜਮੈਂਟ, ਪੜ੍ਹਾਉਣ ਦੀਆਂ ਵਿਧੀਆਂ ਅਤੇ ਉਨ੍ਹਾਂ ਦੇ ਮੁਲਾਂਕਣ ਦੀਆਂ ਵਿਧੀਆਂ ਬਾਰੇ ਦੱਸਿਆ ਗਿਆ ਹੈ।

ਬੱਚੇ ਦੇ ਬਚਪਨ ਵਿੱਚ ਹੀ ਵਿਕਲਾਂਗਤਾ ਦੀ ਪਹਿਚਾਣ ਕਰਣ ਅਤੇ ਵਿਕਲਾਂਗਤਾ ਨੂੰ ਰੋਕਣ ਦੇ ਢੰਗਾਂ ਦੀ ਇਕਾਈ ਨੇ ਇਸ ਪੁਸਤਕ ਨੂੰ ਇੱਕ ਵੱਖਰਾ ਰੂਪ ਦੇ ਦਿੱਤਾ ਹੈ। ਆਸ ਹੈ ਕਿ ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਵੱਲੋਂ ਤਿਆਰ ਕੀਤੀ ਗਈ ਇਹ ਪੁਸਤਕ ਅਧਿਆਪਕਾਂ ਲਈ ਬਹੁਤ ਲਾਹੇਵੰਦ ਸਾਬਿਤ ਹੋਵੇਗੀ।

**ਸਟੇਟ ਪ੍ਰਾਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ**

# ਭੂਮਿਕਾ

ਸੰਮਿਲਤ ਸਿੱਖਿਆ (Inclusive Education) ਇਹ ਯਕੀਨੀ ਬਣਾਉਂਦੀ ਹੈ ਕਿ ਸਿੱਖਿਆ ਦਾ ਅਧਿਕਾਰ ਸਭ ਨੂੰ ਪ੍ਰਾਪਤ ਹੋਵੇ ਭਾਵੇਂ ਕਿਸੇ ਬੱਚੇ ਨੂੰ ਕਿਸੇ ਵੀ ਕਿਸਮ ਦੀ ਵਿਸ਼ੇਸ਼ ਲੋੜ ਹੈ। ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਉਹ ਸਭ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ ਤਾਂ ਜੋ ਉਹ ਸਿੱਖਿਆ ਪ੍ਰਾਪਤ ਕਰਨ ਦੇ ਹੱਕ ਨੂੰ ਮਾਣ ਸਕਣ। ਸੰਮਿਲਤ ਸਿੱਖਿਆ (Inclusive Education) ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਸਿੱਖਿਆ ਦੇ ਦਾਇਰੇ ਵਿੱਚ ਲਿਆ ਕੇ, ਬਰਾਬਰੀ ਦੇ ਹੱਕ ਅਤੇ ਇੱਕ ਸਮਾਨ ਨਾਗਰਿਕਤਾ ਹਾਸਿਲ ਕਰਵਾਉਣ ਵਿੱਚ ਮੱਦਦ ਕਰਦੀ ਹੈ ਤਾਂ ਜੋ ਸਮਾਜ ਵਿੱਚ ਉਨ੍ਹਾਂ ਦੀ ਸ਼ਮੂਲੀਅਤ ਨੂੰ ਵਧਾ ਕੇ ਇੱਕ ਚੰਗੇ ਸਮਾਜ ਦੀ ਸਿਰਜਨਾ ਕੀਤੀ ਜਾ ਸਕੇ।

ਇਹ ਟਰੇਨਿੰਗ ਮਾਡਿਊਲ ਅਧਿਆਪਕਾਂ ਦੇ ਗਿਆਨ ਵਿੱਚ ਵਾਧਾ ਕਰਨ, ਨਿਪੁੰਨਤਾਵਾਂ ਵਧਾਉਣ ਅਤੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਸਕਾਰਾਤਮਕ ਸੋਚ ਪੈਦਾ ਕਰਨ ਲਈ ਇੱਕ ਨਵੀਨਤਾਕਾਰੀ ਕੋਸ਼ਿਸ਼ ਹੈ। ਇਸ ਮਾਡਿਊਲ ਵਿੱਚ ਦਿੱਤੇ ਉਪਰਾਲਿਆਂ ਦੀ ਮਦਦ ਨਾਲ ਅਧਿਆਪਕ ਆਪਣੀ ਜਮਾਤ ਵਿੱਚ ਪੜ੍ਹ ਰਹੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਇਨਕਲੂਸਿਵ ਸੈਟ-ਅਪ ਵਿੱਚ ਸਹੀ ਢੰਗ ਨਾਲ ਸਿੱਖਿਆ ਪ੍ਰਦਾਨ ਕਰ ਸਕਣਗੇ। ਪੁਸਤਕ ਦੀ ਸਮੱਗਰੀ learner friendly ਹੈ ਜਿਸ ਨੂੰ ਅਧਿਆਪਕ ਆਪਣੀ ਜਮਾਤ ਵਿੱਚ ਹੋਣ ਵਾਲੀਆਂ ਰੋਜ਼ਾਨਾ ਕਿਰਿਆਵਾਂ ਵਿੱਚ ਅਸਾਨੀ ਨਾਲ ਇਸਤੇਮਾਲ ਕਰ ਸਕਦੇ ਹਨ।

ਇਸ ਮਾਡਿਊਲ ਨੂੰ ਤਿਆਰ ਕਰਨ ਦੇ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਕਈ ਵਿਅਕਤੀਆਂ ਵੱਲੋਂ ਸਹਿਯੋਗ ਮਿਲਿਆ ਹੈ ਜਿਹਨਾਂ ਵਿੱਚ ਡਾ. ਅਨੁਪ੍ਰਿਆ ਚੱਢਾ ਦਾ ਨਾਂ ਵਿਸ਼ੇਸ਼ ਤੌਰ ਤੇ ਵਰਨਣਯੋਗ ਹੈ। ਉਹਨਾਂ ਤੋਂ ਇਲਾਵਾ ਜਿਹਨਾਂ ਅਧਿਆਪਕਾਂ/ਕਰਮਚਾਰੀਆਂ ਦੇ ਨਾਮ ਵਰਨਣ ਯੋਗ ਹਨ ਜਿਨ੍ਹਾਂ ਵੱਲੋਂ ਭਰਪੂਰ ਮਿਹਨਤ ਅਤੇ ਕੋਸ਼ਿਸ਼ ਸਦਕਾ ਇਹ ਮਾਡਿਊਲ ਤਿਆਰ ਹੋਇਆ ਹੈ, ਉਹ ਹਨ:-

1. ਸ਼੍ਰੀਮਤੀ ਸੁਰਿੰਦਰ ਕੌਰ ਗਿੱਲ (ਸੀਨੀਅਰ ਲੈਕਚਰਾਰ, ਡਾਇਟ ਰੋਪੜ)।
2. ਸ਼੍ਰੀਮਤੀ ਰੇਮਨ ਸ਼ਰਮਾ (ਲੈਕਚਰਾਰ ਡਾਇਟ, ਰੋਪੜ)।
3. ਸ਼੍ਰੀਮਤੀ ਬਿਮਲਾ ਰਾਣੀ (ਲੈਕਚਰਾਰ ਡਾਇਟ, ਰੋਪੜ)।
4. ਸ਼੍ਰੀ ਸੁਦਰਸ਼ਨ ਕੁਮਾਰ ਗੋਇਲ, ਸੀ.ਐਚ.ਟੀ. ਸਰਕਾਰੀ ਪ੍ਰਾਇਮਰੀ ਸਕੂਲ, ਔਲਖ, ਫਰੀਦਕੋਟ ਕਮ ਸਾਬਕਾ ਜ਼ਿਲ੍ਹਾ ਆਈ.ਈ.ਡੀ. ਕੋਆਰਡੀਨੇਟਰ, ਫਰੀਦਕੋਟ।
5. ਸ. ਇੰਦਰਜੀਤ ਸਿੰਘ (ਏ.ਸੀ.ਟੀ. ਸਰਕਾਰੀ ਹਾਈ ਸਕੂਲ, ਦੁੱਮਣਾ, ਰੋਪੜ)।

ਇਹ ਪੁਸਤਕ ਉਨ੍ਹਾਂ ਸਾਰੇ ਅਧਿਆਪਕਾਂ ਨੂੰ ਅਰਪਣ ਕੀਤੀ ਜਾਂਦੀ ਹੈ ਜਿਨ੍ਹਾਂ ਦੀਆਂ ਕੋਸ਼ਿਸ਼ਾਂ ਸਦਕਾ ਸੰਮਿਲਤ ਸਿੱਖਿਆ (Inclusive Education) ਪੰਜਾਬ ਦੇ ਹਰ ਸਕੂਲ ਵਿੱਚ ਕਾਮਯਾਬ ਹੋਵੇਗੀ ਅਤੇ ਜਿਸ ਨਾਲ ਪੰਜਾਬ ਵਿੱਚ ਇੱਕ ਚੰਗੇ ਸਮਾਜ ਦੀ ਸਿਰਜਣਾ ਹੋਵੇਗੀ।

**ਸਟੇਟ ਪ੍ਰਾਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ**

# ਪਾਠ-1
# ਸੰਮਿਲਤ ਸਿੱਖਿਆ (Inclusive Education)

ਸੰਮਿਲਤ ਸਿੱਖਿਆ (Inclusive Education) ਸਰਵ ਸਿੱਖਿਆ ਅਭਿਆਨ ਦਾ ਬਹੁਤ ਜ਼ਰੂਰੀ ਕੰਪੋਨੈਂਟ ਹੈ। ਅਸਲ ਵਿੱਚ ਸਰਵ ਸਿੱਖਿਆ ਅਭਿਆਨ ਦਾ ਐਲੀਮੈਂਟਰੀ ਸਿੱਖਿਆ ਦੇ ਸਰਵ ਵਿਆਪੀਕਰਣ ਦਾ ਉਦੇਸ਼ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਸਿੱਖਿਅਤ ਕੀਤੇ ਬਿਨਾਂ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਹਰ ਸਕੂਲ ਵਿੱਚ ਅਜਿਹੇ ਕੁਝ ਬੱਚੇ ਜ਼ਰੂਰ ਹੁੰਦੇ ਹਨ ਜੋ ਵਿਸ਼ੇਸ਼ ਲੋੜਾਂ ਵਾਲੇ ਹੋ ਸਕਦੇ ਹਨ, ਇਸ ਲਈ ਇੱਕ ਅਧਿਆਪਕ ਦੇ ਤੌਰ ਤੇ ਤੁਹਾਡੇ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਇਨਕਲੂਸਿਵ ਸਿੱਖਿਆ ਅਤੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਤੋਂ ਕੀ ਭਾਵ ਹੈ।


ਸੰਮਿਲਤ ਸਿੱਖਿਆ ਦਾ ਅਰਥ ਹੈ ਕਿ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਅਤੇ ਸਧਾਰਣ ਬੱਚਿਆਂ ਨੂੰ ਰੈਗੂਲਰ ਸਕੂਲਾਂ ਵਿੱਚ ਇਕੱਠੇ ਹੀ ਸਿੱਖਿਆ ਦਿੱਤੀ ਜਾਵੇ। ਸਪੈਸ਼ਲ ਸਕੂਲ ਤੋਂ ਸਿੱਖਿਆ ਪ੍ਰਾਪਤ ਕਰਕੇ ਆਇਆ ਬੱਚਾ ਸਮਾਜ ਵਿੱਚ ਵਿਚਰਨ ਲਈ ਔਖ ਮਹਿਸੂਸ ਕਰਦਾ ਹੈ ਕਿਉਂਕਿ ਉਹ ਸਪੈਸ਼ਲ ਸਕੂਲ ਦੇ ਸਪੈਸ਼ਲ ਬੱਚਿਆਂ ਨਾਲ ਰਹਿਣ ਦਾ ਆਦੀ ਹੋ ਚੁੱਕਿਆ ਹੁੰਦਾ ਹੈ।

ਅਜਿਹੀਆਂ ਹਾਲਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸੰਮਿਲਣ (Enclusion) ਦੀ ਜ਼ਰੂਰਤ ਮਹਿਸੂਸ ਹੋਈ ਕਿਉਂਕਿ ਸਿੱਖਿਆ ਹਰ ਬੱਚੇ ਦੇ ਵਿਕਾਸ ਲਈ ਜ਼ਰੂਰੀ ਹੈ। ਬੱਚੇ ਨੂੰ ਸਮਾਜ ਵਿੱਚ ਇੱਕ ਚੰਗਾ ਨਾਗਰਿਕ ਬਣਾਉਣ ਲਈ ਇਸ ਦਾ ਅਹਿਮ ਯੋਗਦਾਨ ਹੈ। ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਸਿੱਖਿਆ ਦੇ ਕੇ ਸਮਾਜ ਦਾ ਇੱਕ ਚੰਗਾ ਨਾਗਰਿਕ ਬਣਾਇਆ ਜਾ ਸਕਦਾ ਹੈ ਜੋ ਦੇਸ਼ ਦੀ ਤਰੱਕੀ ਵਿੱਚ ਅਹਿਮ ਹਿੱਸਾ ਪਾ ਸਕਦੇ ਹਨ। ਸਪੈਸ਼ਲ ਸਕੂਲ ਹਰ ਪਿੰਡ ਜਾਂ ਸ਼ਹਿਰ ਵਿੱਚ ਖੋਲ੍ਹਣੇ ਸੰਭਵ ਨਹੀਂ ਹਨ, ਇਸ ਲਈ ਹਰ ਬੱਚੇ ਨੂੰ ਸੁਵਿਧਾ ਅਨੁਸਾਰ ਪਿੰਡ ਜਾਂ ਨੇੜੇ ਦੇ ਪਿੰਡ ਵਿਚਲੇ ਨਾਰਮਲ ਸਕੂਲ ਵਿੱਚ ਸਿੱਖਿਆ ਦੇਣੀ ਜ਼ਰੂਰੀ ਹੋ ਗਈ ਹੈ। ਇਸ ਨਾਲ ਨਾਰਮਲ ਬੱਚੇ ਵੀ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਤੋਂ ਕੁਝ ਸਿੱਖ ਸਕਦੇ ਹਨ ਅਤੇ ਵਿਸ਼ੇਸ਼ ਲੋੜਾਂ ਵਾਲੇ ਬੱਚੇ ਵੀ ਨਾਰਮਲ ਬੱਚਿਆਂ ਨੂੰ ਗਤੀਵਿਧੀਆਂ ਕਰਦੇ ਦੇਖ ਕੇ ਸਿੱਖਣ ਦਾ ਯਤਨ ਕਰਨਗੇ। ਸੰਮਿਲਤ ਸਿੱਖਿਆ ਦੀ ਅਜਿਹੀ ਧਾਰਨਾ ਹੈ ਕਿ ਸਾਰੇ ਬੱਚਿਆਂ ਦੀਆਂ ਸਿੱਖਣ ਸੰਬੰਧੀ ਲੋੜਾਂ, ਵਿਸ਼ੇਸ਼ ਰੁਚੀਆਂ ਅਤੇ ਯੋਗਤਾਵਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ। ਸਾਰੇ ਸਕੂਲ ਹੀ ਅਜਿਹੀ ਧਾਰਨਾ ਰੱਖਦੇ ਹੋਣ ਕਿ ਵਿਸ਼ੇਸ਼ ਲੋੜਾਂ ਵਾਲੇ ਬੱਚੇ ਅਸਾਨੀ ਨਾਲ ਸਕੂਲ ਤੱਕ ਪਹੁੰਚ ਸਕਣ ਅਤੇ ਬੱਚਿਆਂ ਦੀਆਂ ਲੋੜਾਂ ਨੂੰ ਸਾਂਝੇ ਰੂਪ ਵਿੱਚ ਸਮਝ ਸਕਣ। ਇਨਕਲੂਸਿਵ ਸਕੂਲ ਅਜਿਹੇ ਅਸਰਦਾਰ ਸਾਧਨ ਹਨ ਜੋ ਹਰ ਬੱਚੇ ਦੀਆਂ ਲੋੜਾਂ ਨੂੰ ਸਮਝਣ ਦੇ ਯੋਗ ਹੁੰਦੇ ਹਨ, ਚੰਗਾ ਸਮਾਜ ਬਣਾ ਸਕਦੇ ਹਨ ਅਤੇ ਜਿਨ੍ਹਾਂ ਰਾਹੀਂ ਸਾਰਿਆਂ ਨੂੰ ਸਿੱਖਿਆ ਪ੍ਰਦਾਨ ਕੀਤੀ ਜਾ ਸਕਦੀ ਹੈ।

ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦਾ ਅਰਥ ਹੈ ਕਿ ਸਾਰੇ ਬੱਚੇ ਜਿਨ੍ਹਾਂ ਨੂੰ ਸੁਣਨ, ਤੁਰਨ-ਫਿਰਨ, ਸਿੱਖਣ ਅਤੇ ਮਾਨਸਿਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉਨ੍ਹਾਂ ਦੀਆਂ ਸਿੱਖਣ ਸਬੰਧੀ ਵਿਸ਼ੇਸ਼ ਲੋੜਾਂ ਹੁੰਦੀਆਂ ਹਨ। ਇਨ੍ਹਾਂ ਬੱਚਿਆਂ ਨੂੰ ਸਮਾਜ ਵਿੱਚ ਪ੍ਰਚਲਿਤ ਕਈ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ ਜਿਸ ਨਾਲ ਇਨ੍ਹਾਂ ਵਿੱਚ ਹੀਣ ਭਾਵਨਾ ਪੈਦਾ ਹੁੰਦੀ ਹੈ। ਚੰਗੇ ਸਮਾਜ ਦੀ ਸਿਰਜਣਾ ਲਈ ਇਹਨਾਂ ਬੱਚਿਆਂ ਨੂੰ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦਾ ਨਾਂ ਦਿੱਤਾ ਗਿਆ ਹੈ।

ਅਜਿਹੇ ਬੱਚਿਆਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਰੈਗੂਲਰ ਸਕੂਲਾਂ ਨੂੰ ਆਪਣੇ ਢੰਗਾਂ ਵਿੱਚ ਸੁਧਾਰ ਲਿਆਉਣ ਦੀ ਲੋੜ ਹੈ ਅਤੇ ਅਜਿਹੇ ਢੰਗ ਲੱਭਣ ਦੀ ਲੋੜ ਹੈ ਤਾਂ ਜੋ ਸਾਰੇ ਬੱਚਿਆਂ ਨੂੰ ਸਿੱਖਣ ਵਿੱਚ ਸਹਾਇਤਾ ਪ੍ਰਦਾਨ ਕੀਤੀ ਜਾ ਸਕੇ। ਦੂਜੇ ਸ਼ਬਦਾਂ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਕਲਾਸ ਰੂਮ ਵਿੱਚ ਵਧੀਆ ਤਕਨੀਕਾਂ ਦੀ ਵਰਤੋਂ ਕੀਤੀ ਜਾਵੇ ਤਾਂ ਜੋ ਬੱਚੇ ਸਹੀ ਸਿੱਖਿਆ ਪ੍ਰਾਪਤ ਕਰ ਸਕਣ।

## ਆਈ.ਈ.ਡੀ. ਦੇ ਮੁੱਖ ਅੰਗ :




## ਵਿਸ਼ੇਸ਼ ਲੋੜਾਂ ਵਾਲੇ ਬੱਚੇ (Children with Special Needs)

ਜਿਵੇਂ ਕਿ ਤੁਹਾਨੂੰ ਪਤਾ ਹੀ ਹੈ ਕਿ ਹਰੇਕ ਬੱਚੇ ਵਿੱਚ ਸਿੱਖਣ ਸਮਰੱਥਾ, ਯਾਦ ਸ਼ਕਤੀ ਅਤੇ ਉਸ ਨੂੰ ਪੇਸ਼ ਕਰਨ ਦੀ

ਸਮਰੱਥਾ ਵੱਖੋ-ਵੱਖਰੀ ਹੁੰਦੀ ਹੈ। ਜਦੋਂ ਕਿਸੇ ਬੱਚੇ ਨੂੰ ਸਿੱਖਿਆ ਗ੍ਰਹਿਣ ਕਰਨ ਸਮੇਂ ਕੋਈ ਮੁਸ਼ਕਲ ਆਉਂਦੀ ਹੈ, ਜਿਵੇਂ ਕਿ ਬੱਚੇ ਨੂੰ ਸੁਣਾਈ ਨਹੀਂ ਦਿੰਦਾ ਉਸ ਨੂੰ ਸੁਣਨ ਲਈ ਸੁਣਨਯੋਗ ਯੰਤਰ ਦੀ ਜ਼ਰੂਰਤ ਹੈ, ਇਸ ਲਈ ਸੁਣਨਯੋਗ ਯੰਤਰ ਦੀ ਜ਼ਰੂਰਤ ਵਾਲੇ ਬੱਚੇ ਨੂੰ ਵਿਸ਼ੇਸ਼ ਲੋੜਾਂ ਵਾਲਾ ਬੱਚਾ ਕਿਹਾ ਜਾਂਦਾ ਹੈ।

## ਰੈਗੂਲਰ ਸਕੂਲ :

ਇਹ ਜਨਰਲ ਸਕੂਲ ਹੀ ਹਨ ਅਤੇ ਇਨ੍ਹਾਂ ਸਕੂਲਾਂ ਵਿੱਚ ਹੀ ਵਿਸ਼ੇਸ਼ ਲੋੜਾਂ ਵਾਲੇ ਬੱਚੇ ਨਾਰਮਲ ਬੱਚਿਆਂ ਨਾਲ ਪੜ੍ਹਦੇ ਹਨ।

## ਸਪੈਸ਼ਲ ਸਕੂਲ :

ਜਿਹੜੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਪੜ੍ਹਨ ਅਤੇ ਸਿੱਖਣ ਵਿੱਚ ਜ਼ਿਆਦਾ ਮੁਸ਼ਕਲਾਂ ਆਉਂਦੀਆਂ ਹਨ, ਉਹ ਨਾਰਮਲ ਸਕੂਲ ਵਿੱਚ ਦੂਰ ਨਹੀਂ ਹੋ ਸਕਦੀਆਂ। ਇਨ੍ਹਾਂ ਬੱਚਿਆਂ ਨੂੰ ਸਿੱਖਿਆ ਗ੍ਰਹਿਣ ਕਰਨ ਲਈ ਸਪੈਸ਼ਲ ਸਕੂਲਾਂ ਦੀ ਜ਼ਰੂਰਤ ਹੁੰਦੀ ਹੈ। ਇਨ੍ਹਾਂ ਸਕੂਲਾਂ ਵਿੱਚ ਸਬੰਧਿਤ ਕੈਟਾਗਰੀ ਵਾਲੇ ਬੱਚਿਆਂ ਨੂੰ ਪੜ੍ਹਾਉਣ ਲਈ ਸਾਰੀਆਂ ਸਹੂਲਤਾਂ ਮੌਜੂਦ ਹੁੰਦੀਆਂ ਹਨ। ਇਹ ਸਕੂਲ ਰਿਹਾਇਸ਼ੀ ਅਤੇ ਡੇ-ਬੋਰਡਿੰਗ ਹੁੰਦੇ ਹਨ। ਇਨ੍ਹਾਂ ਸਕੂਲਾਂ ਵਿੱਚ ਅਕਾਦਮਿਕ ਅਤੇ ਕਿੱਤਾ-ਮੁੱਖੀ ਸਿੱਖਿਆ ਦਿੱਤੀ ਜਾਂਦੀ ਹੈ।

## ਰਿਸੋਰਸ ਅਧਿਆਪਕ :

ਰੈਗੂਲਰ ਸਕੂਲਾਂ ਦੇ ਅਧਿਆਪਕਾਂ ਨੂੰ ਵਿਸ਼ੇਸ਼ ਲੋੜਾਂ ਵਾਲੇ ਬੱਚੇ ਸਕੂਲਾਂ ਵਿੱਚ ਸ਼ਾਮਲ ਕਰਨ ਲਈ ਆ ਰਹੀਆਂ ਮੁਸ਼ਕਲਾਂ ਨੂੰ ਦੂਰ ਕਰਨ ਲਈ ਰਿਸੋਰਸ ਅਧਿਆਪਕ (ਇਨਕਲੂਸਿਵ ਐਜੂਕੇਸ਼ਨ ਰਿਸੋਰਸ ਟੀਚਰ/ ਆਈ.ਈ.ਆਰ.ਟੀ.) ਲਗਾਏ ਗਏ ਹਨ। ਇਹ ਸਪੈਸ਼ਲ ਸਿੱਖਿਆ ਵਿੱਚ ਡਿਪਲੋਮਾ/ਡਿਗਰੀ ਪ੍ਰਾਪਤ ਹੁੰਦੇ ਹਨ। ਇਨ੍ਹਾਂ ਨੂੰ ਚੁਣੌਤੀ ਗ੍ਰਸਤ ਬੱਚਿਆਂ ਨੂੰ ਸਿਖਾਉਣ ਸਬੰਧੀ ਮੁਹਾਰਤ ਹਾਸਲ ਹੁੰਦੀ ਹੈ।

## ਰਿਸੋਰਸ ਰੂਮ :

ਇੱਥੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਦੀ ਕਾਂਉਂਸਲਿੰਗ ਕੀਤੀ ਜਾਂਦੀ ਹੈ। ਇੱਥੇ ਹੀ ਬੱਚਿਆਂ ਨੂੰ ਸਿਖਾਉਣ ਲਈ ਸਪੈਸ਼ਲ ਅਤੇ ਆਧੁਨਿਕ ਸਿੱਖਣ ਸਿਖਾਉਣ ਵਾਲੀਆਂ ਵਿਧੀਆਂ ਰਾਹੀਂ ਸਿੱਖਿਆ ਦਿੱਤੀ ਜਾਂਦੀ ਹੈ ਅਤੇ ਬੱਚਿਆਂ ਨੂੰ ਥਰੈਪੀ ਵੀ ਦਿੱਤੀ ਜਾਂਦੀ ਹੈ। ਉਸ ਕਮਰੇ ਨੂੰ ਰਿਸੋਰਸ ਰੂਮ ਕਹਿੰਦੇ ਹਨ।

## ਹੋਮ-ਬੇਸਡ ਸਿੱਖਿਆ :

ਬਹੁਤ ਜ਼ਿਆਦਾ ਚੁਣੌਤੀਗ੍ਰਸਤ (ਸਵੀਅਰ ਅਤੇ ਪਰਫਾਉਂਡ) ਵਿਸ਼ੇਸ਼ ਲੋੜਾਂ ਵਾਲੇ ਬੱਚੇ ਜਿਹੜੇ ਸਕੂਲਾਂ ਤੱਕ ਨਹੀਂ ਪਹੁੰਚ ਸਕਦੇ, ਉਨ੍ਹਾਂ ਨੂੰ ਘਰਾਂ ਵਿੱਚ ਰੋਜ਼ਾਨਾ ਆਪਣੀ ਸੰਭਾਲ ਦੀਆਂ ਜਾਂਚ ਵਿਧੀਆਂ ਸਿਖਾਈਆਂ ਜਾਂਦੀਆਂ ਹਨ। ਇਨ੍ਹਾਂ ਕੇਸਾਂ ਵਿੱਚ ਮਾਪਿਆਂ ਦੀ ਮੱਦਦ ਵੀ ਜ਼ਰੂਰੀ ਹੈ। ਸਬੰਧਤ ਮਾਪਿਆਂ ਨੂੰ ਵੀ ਅਗਵਾਈ ਦੇ ਕੇ ਅਤੇ ਪਰੇਰਿਤ ਕਰਕੇ ਇਸ ਕੰਮ ਵਿੱਚ ਲਗਾਇਆ ਜਾਂਦਾ ਹੈ।

## ਉਦੇਸ਼ :

**ਇਸ ਮਾਡਿਊਲ ਦਾ ਮੁੱਖ ਉਦੇਸ਼ ਅਧਿਆਪਕ ਨੂੰ ਇਸ ਯੋਗ ਬਣਾਉਣਾ ਹੈ :**

1. ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਸਮਝਣਾ।
2. ਬੱਚਿਆਂ ਦੀਆਂ ਵਿਸ਼ੇਸ਼ ਲੋੜਾਂ ਦੀ ਪਛਾਣ ਕਰਨਾ।
3. ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੇ ਕਲਾਸ ਰੂਮ ਪ੍ਰਬੰਧ ਨੂੰ ਸਮਝਣਾ।

**ਵਿਸ਼ੇਸ਼ ਲੋੜਾਂ ਦੀਆਂ ਕਿਸਮਾਂ :**

1. ਵੇਖਣ ਸਬੰਧੀ।
2. ਸੁਣਨ ਸਬੰਧੀ।
3. ਤੁਰਨ-ਫਿਰਨ ਸਬੰਧੀ।
4. ਮਾਨਸਿਕ ਸਮੱਸਿਆ ਸਬੰਧੀ।
5. ਸਿੱਖਣ ਸਬੰਧੀ।

6 ਸੈਰੀਬਰਲ ਪਾਲਸੀ।
7 ਮਸਤ ਮਲੰਗਤਾ।
8 ਧਿਆਨ ਕੇਂਦਰਤ ਕਰਨ ਸਬੰਧੀ ਸਮੱਸਿਆ।
9 ਸਲੋ-ਲਰਨਰ
10 ਇੱਕ ਤੋਂ ਵੱਧ ਵਿਸ਼ੇਸ਼ ਲੋੜਾਂ ਵਾਲੇ ਬੱਚੇ

## ਵਿਸ਼ੇਸ਼ ਲੋੜਾਂ ਦੀ ਸੰਖੇਪ ਵਿਆਖਿਆ -

**ਵੇਖਣ ਦੀ ਸਮੱਸਿਆ -** ਨਿਗ੍ਹਾ ਸਭ ਤੋਂ ਜ਼ਰੂਰੀ ਅਹਿਸਾਸ ਹੈ ਜੋ ਆਪਣੇ ਆਲੇ-ਦੁਆਲੇ ਨੂੰ ਦੇਖਣ ਤੇ ਉਸ ਤੋਂ ਸਿੱਖਣ ਲਈ ਜ਼ਰੂਰੀ ਹੈ। ਨਿਗ੍ਹਾ ਵਿੱਚ ਕਿਸੇ ਤਰ੍ਹਾਂ ਦੀ ਕਮਜ਼ੋਰੀ ਕਾਰਨ ਸਿੱਖਣ ਦੀ ਪ੍ਰਕਿਰਿਆ ਵਿੱਚ ਕਈ ਤਕਲੀਫ਼ਾਂ ਆ ਜਾਂਦੀਆਂ ਹਨ। ਇਹ ਕਮਜ਼ੋਰੀ ਬੱਚੇ ਦੇ ਵਾਧੇ ਤੇ ਵਿਕਾਸ, ਖਾਸ ਕਰਕੇ ਸਿੱਖਣ ਦੀ ਪ੍ਰਕਿਰਿਆ ਵਿੱਚ ਰੁਕਾਵਟ ਪਾਉਂਦੀ ਹੈ। ਮੁੱਖ ਤੌਰ ਤੇ ਨਿਗ੍ਹਾ ਦੀ ਕਮਜ਼ੋਰੀ ਦੋ ਤਰ੍ਹਾਂ ਦੀ ਹੈ।

**1. ਘੱਟ ਨਿਗ੍ਹਾ:-** ਇਸ ਤੋਂ ਭਾਵ ਹੈ ਕਿ ਵਿਅਕਤੀ ਦੀ ਨਿਗ੍ਹਾ ਦਾ ਕਾਫੀ ਘੱਟ ਹੋ ਜਾਣਾ। ਘੱਟ ਨਜ਼ਰ ਵਾਲੇ ਬੱਚੇ ਨੂੰ ਵੱਡੇ ਪ੍ਰਿੰਟ ਵਾਲੀਆਂ ਕਿਤਾਬਾਂ ਚਾਹੀਦੀਆਂ ਹਨ। ਨਵੀਂ ਤਕਨੀਕ ਦੇ ਵਿਕਾਸ ਨੇ ਘੱਟ ਨਿਗ੍ਹਾ ਵਾਲੇ ਬੱਚਿਆਂ ਨੂੰ ਸਿੱਖਣ ਦੇ

ਵਧੀਆ ਮੌਕੇ ਦਿੱਤੇ ਹਨ। ਘੱਟ ਨਿਗ੍ਹਾ ਵਾਲਾ ਵਿਅਕਤੀ ਉਹ ਹੈ ਜਿਸ ਨੂੰ ਇਲਾਜ ਕਰਵਾਉਣ ਤੋਂ ਬਾਅਦ ਫਰਕ ਪੈ ਜਾਂਦਾ ਹੈ। ਭਾਵੇਂ ਉਹ ਅਪਰੇਸ਼ਨ ਹੋਵੇ ਜਾਂ ਐਨਕਾਂ ਜਾਂ ਲੈਨਜ਼ ਦੀ ਵਰਤੋਂ।

PWD Act 1995, ਅਨੁਸਾਰ ਘੱਟ ਨਿਗ੍ਹਾ ਨੂੰ ਅਪੰਗਤਾ ਦੀ ਕੈਟਾਗਰੀ ਵਿੱਚ ਰੱਖਿਆ ਹੈ ਅਤੇ ਇਸ ਦੀ ਪਰਿਭਾਸ਼ਾ ਹੇਠ ਲਿਖੇ ਅਨੁਸਾਰ ਦਿੱਤੀ ਹੈ ਕਿ ਘੱਟ ਨਿਗ੍ਹਾ ਵਾਲਾ ਵਿਅਕਤੀ ਉਹ ਹੈ ਜਿਸ ਦੀ ਨਿਗ੍ਹਾ ਵਿੱਚ ਮਿਆਰੀ 'refraction' ਤੋਂ ਬਾਅਦ ਵੀ ਕੋਈ ਫਰਕ ਨਹੀਂ ਪੈਂਦਾ।'

**2. ਅੰਨ੍ਹਾਪਣ:** ਅੰਨ੍ਹਾਪਣ ਉਹ ਹਾਲਤ ਹੈ ਜਿਸ ਵਿੱਚ ਵਿਅਕਤੀ ਦੀਆਂ ਅੱਖਾਂ ਵਿੱਚ ਨਿਗ੍ਹਾ ਬਿਲਕੁਲ ਨਹੀਂ ਹੁੰਦੀ ਜਾਂ ਨਿਗ੍ਹਾ ਦਾ ਖੇਤਰ ਬਿਲਕੁਲ ਘੱਟ ਹੁੰਦਾ ਹੈ। ਸਾਨੂੰ ਕਲਾਸ ਵਿੱਚ ਅਕਸਰ ਕੋਈ ਅਜਿਹਾ ਬੱਚਾ ਮਿਲ ਜਾਂਦਾ ਹੈ ਜਿਸ ਨੂੰ ਦੂਰ ਪਈਆਂ ਚੀਜ਼ਾਂ ਜਾਂ ਨੇੜੇ ਪਈਆਂ ਚੀਜ਼ਾਂ ਸਾਫ਼ ਦਿਖਾਈ ਨਹੀਂ ਦਿੰਦੀਆਂ ਜਾਂ ਉਹ ਬਲੈਕ-ਬੋਰਡ ਤੇ ਲਿਖੇ ਅੱਖਰ ਨਹੀਂ ਵੇਖ ਸਕਦਾ। ਜੇ ਅਜਿਹਾ ਹੈ ਤਾਂ ਬੱਚੇ ਦੀ ਨਜ਼ਰ ਕਮਜ਼ੋਰ ਹੋ ਸਕਦੀ ਹੈ ਤੇ ਉਸ ਨੂੰ ਅੱਖਾਂ ਦੇ ਮਾਹਿਰ ਡਾਕਟਰ ਤੋਂ ਛੇਤੀ ਹੀ ਜਾਂਚ ਕਰਵਾ ਲੈਣੀ ਚਾਹੀਦੀ ਹੈ। ਹੋ ਸਕਦਾ ਹੈ ਉਸ ਦੀ ਇਹ ਤਕਲੀਫ਼ ਐਨਕਾਂ ਨਾਲ ਹੀ ਦੂਰ ਕੀਤੀ ਜਾ ਸਕਦੀ ਹੋਵੇ। ਦ੍ਰਿਸ਼ਟੀ ਸਭ ਤੋਂ ਜ਼ਰੂਰੀ ਅਹਿਸਾਸ ਹੈ। ਮਾਹਿਰਾਂ ਦੇ ਅਨੁਸਾਰ, ਆਲੇ-ਦੁਆਲੇ ਬਾਰੇ ਤਕਰੀਬਨ 80% ਸੂਚਨਾ ਦੇਖ ਕੇ ਹੀ ਪ੍ਰਾਪਤ ਹੋ ਜਾਂਦੀ ਹੈ। ਇਹ ਕਮਜ਼ੋਰੀ ਜੀਵਨ ਦੇ ਕਈ ਹਿੱਸਿਆਂ ਵਿੱਚ ਕਈ ਤਕਲੀਫ਼ਾਂ ਖੜ੍ਹੀਆਂ ਕਰ ਸਕਦੀ ਹੈ, ਖਾਸ ਕਰਕੇ ਸਿੱਖਣ ਵਿੱਚ। ਇਸ ਲਈ ਇੱਕ ਅਧਿਆਪਕ ਲਈ ਕਮਜ਼ੋਰ ਨਜ਼ਰ ਵਾਲੇ ਬੱਚਿਆਂ ਦੀ ਪਛਾਣ ਕਰਨੀ ਜ਼ਰੂਰੀ ਹੋ ਜਾਂਦੀ ਹੈ।

**ਸੁਣਨ ਵਿੱਚ ਸਮੱਸਿਆ -** ਸੁਣਨ ਸਬੰਧੀ ਵਿਕਾਰ ਦੂਸਰੀਆਂ ਕਿਸਮਾਂ ਦੀ ਅਪੰਗਤਾ ਨਾਲੋਂ ਹੱਟ ਕੇ, ਇਕ ਲੁਕੀ ਹੋਈ ਹਾਲਤ ਹੈ। ਜੇ ਇਸ ਵੱਲ ਪੂਰਾ ਧਿਆਨ ਨਾ ਦਿੱਤਾ ਜਾਵੇ ਤਾਂ ਇਹ ਵਿਕਾਰ ਅਣਗੌਲਿਆ ਹੋ ਜਾਂਦਾ ਹੈ ਜਿਸ ਨਾਲ ਕਈ ਹੋਰ ਮਾੜੇ ਅਸਰ ਪੈਣ ਦੀ ਸੰਭਾਵਨਾ ਵੱਧ ਜਾਂਦੀ ਹੈ। ਇਸ ਲਈ ਸੁਣਨ ਦੇ ਵਿਕਾਰ ਬਾਰੇ ਸਮਝਕੇ, ਬੱਚੇ ਅਤੇ ਮਾਤਾ ਪਿਤਾ ਨੂੰ ਸਕੂਲ ਲਈ ਤਿਆਰ ਕਰਨ ਨਾਲ ਸਕੂਲੀ ਪ੍ਰੋਗਰਾਮ ਵਿੱਚ ਜ਼ਿਆਦਾ ਸਫ਼ਲਤਾ ਮਿਲ ਸਕਦੀ ਹੈ। ਅਜਿਹੇ ਬੱਚਿਆਂ ਨੂੰ ਸਕੂਲ ਲਈ ਤਿਆਰ ਕਰਨ ਲਈ ਉਨ੍ਹਾਂ ਨੂੰ ਜ਼ਰੂਰੀ ਸੁਣਨ ਵਿਚ ਸਹਾਇਤਾ ਕਰਨ ਵਾਲੇ ਯੰਤਰ (Hearing aids) ਦੇਣ ਦੇ ਨਾਲ ਨਾਲ ਉਨ੍ਹਾਂ ਨੂੰ ਆਪਣੀਆਂ ਬਾਕੀ ਯੋਗਤਾਵਾਂ ਨੂੰ ਉਭਾਰਨ ਦਾ ਮੌਕਾ ਦੇਣਾ ਹੈ ਅਤੇ ਇਨ੍ਹਾਂ ਦਿੱਤੇ ਗਏ ਯੰਤਰਾਂ ਦਾ ਵੱਧ ਤੋਂ ਵੱਧ ਫਾਇਦਾ ਲੈਣਾ ਚਾਹੀਦਾ ਹੈ।

ਜਿਹੜੇ ਬੱਚਿਆਂ ਨੂੰ ਸੁਣਨ ਦਾ ਵਿਕਾਰ ਜਮਾਂਦਰੂ ਹੋਵੇ ਉਨ੍ਹਾਂ ਨੂੰ ਬੋਲਣ ਸਿੱਖਣ ਵਿੱਚ ਵੀ ਦੇਰ ਲੱਗ ਜਾਂਦੀ ਹੈ, ਭਾਸ਼ਾ ਸਿੱਖਣ ਵਿੱਚ ਵੀ ਮੁਸ਼ਕਲ ਆਉਂਦੀ ਹੈ, ਦੂਜਿਆਂ ਦਾ ਧਿਆਨ ਖਿੱਚਣ ਲਈ ਬੱਚਾ ਅਪਣੇ ਵਿਵਹਾਰ ਵਿੱਚ ਤਬਦੀਲੀ ਲਿਆਉਂਦਾ ਹੈ। ਆਮ ਤੌਰ ਤੇ ਅਜਿਹਾ ਬੱਚਾ ਜਿੱਦੀ ਹੋ ਜਾਂਦਾ ਹੈ ਅਤੇ ਜਲਦੀ ਹੀ ਖਿੱਝਣ ਲੱਗ ਜਾਂਦਾ ਹੈ ਖਾਸ ਕਰਕੇ ਜਦੋਂ ਉਹ ਆਪਣੇ ਵਿਚਾਰ ਪ੍ਰਗਟ ਨਹੀਂ ਕਰ ਸਕਦਾ। ਜੇ ਕੋਈ ਬੱਚਾ ਜਾਂ ਬਾਲਗ ਜਦੋਂ ਬੋਲਣਾ ਸਿੱਖਣ ਤੋਂ ਬਾਅਦ ਸੁਣਨ ਦੇ ਯੋਗ ਨਹੀਂ ਰਹਿੰਦਾ ਤਾਂ ਉਹ ਜ਼ਿਆਦਾ ਚਿੜਚਿੜੇ ਸੁਭਾਅ ਦਾ ਹੋ ਜਾਂਦਾ ਹੈ ਕਿਉਂਕਿ ਉਹ ਆਵਾਜ਼ ਦੀ ਦੁਨੀਆ ਤੋਂ ਇੱਕਦਮ ਕੱਟ ਜਾਂਦਾ ਹੈ। ਉਸ ਵਿੱਚ ਇੱਕਲੇਪਣ ਦਾ ਅਹਿਸਾਸ ਆ ਜਾਂਦਾ ਹੈ ਅਤੇ ਉਹ ਇੰਝ ਮਹਿਸੂਸ ਕਰਦਾ ਹੈ ਕਿ ਉਹ ਕੰਮ ਵੀ ਨਹੀਂ ਕਰ ਸਕਦਾ। ਬੱਚੇ ਨੂੰ ਆਸ-ਪਾਸ ਦੀਆਂ ਆਵਾਜ਼ਾਂ/ਗੱਲਬਾਤ ਸੁਣਨ ਵਿੱਚ ਸਮੱਸਿਆ ਆਉਂਦੀ ਹੈ।

**ਤੁਰਨ-ਫਿਰਨ ਵਿੱਚ ਸਮੱਸਿਆ -** ਚੱਲਣ-ਫਿਰਨ ਸੰਬੰਧੀ ਵਿਕਾਰ, ਚੱਲਣ ਫਿਰਨ ਵਿੱਚ ਆਉਣ ਵਾਲੀ ਤਕਲੀਫ਼ ਹੈ। ਜੇ ਇੱਕ ਬੱਚੇ ਨੂੰ ਲੱਤ, ਬਾਂਹ ਜਾਂ ਸਰੀਰ ਦਾ ਕੋਈ ਵੀ ਹਿੱਸਾ ਹਿਲਾਉਣ ਵਿੱਚ ਮੁਸ਼ਕਲ ਆਉਂਦੀ ਹੈ ਤਾਂ ਉਸਨੂੰ ਚੱਲਣ-ਫਿਰਨ ਸਬੰਧੀ ਨੁਕਸ ਵਾਲਾ ਬੱਚਾ ਕਹਿੰਦੇ ਹਨ। ਇਹ ਨੁਕਸ ਕਿਸੇ ਵੀ ਅੰਗ ਦੇ ਕੱਟ ਜਾਣ ਕਾਰਨ, ਕਮਜ਼ੋਰੀ ਕਾਰਨ ਜਾਂ ਅਪੰਗਤਾ ਕਾਰਨ ਵੀ ਹੋ ਸਕਦਾ ਹੈ। ਚੱਲਣ-ਫਿਰਨ ਸੰਬੰਧੀ ਨੁਕਸ ਦਾ ਮਤਲਬ ਹੈ ਹੱਡੀਆਂ ਦਾ, ਜੋੜਾਂ ਦਾ ਜਾਂ ਮਾਸਪੇਸ਼ੀਆਂ ਦਾ ਵਿਕਾਰ ਜੋ ਲੱਤਾਂ ਬਾਹਾਂ ਨੂੰ ਹਿਲਾਉਣ ਵਿੱਚ ਰੁਕਾਵਟ ਪਾਉਂਦਾ ਹੈ। ਚੱਲਣ-ਫਿਰਨ ਸੰਬੰਧੀ ਨੁਕਸ ਵਾਲੇ ਵਿਅਕਤੀ ਦਾ ਮੁੱਖ ਲੱਛਣ ਹੈ ਕਿ ਉਨ੍ਹਾਂ ਦੀਆਂ ਮਾਸਪੇਸ਼ੀਆਂ ਅਤੇ ਹੱਡੀਆਂ ਵਿੱਚ ਨੁਕਸ ਪੈ ਜਾਂਦਾ ਹੈ ਤੇ ਉਨ੍ਹਾਂ ਦੀ ਆਲੇ ਦੁਆਲੇ ਘੁੰਮਣ ਦੀ ਯੋਗਤਾ ਸੀਮਿਤ ਰਹਿ ਜਾਂਦੀ ਹੈ। ਬੱਚੇ ਨੂੰ ਤੁਰਨ-ਫਿਰਨ ਵਿੱਚ ਹੱਡੀਆਂ, ਜੋੜਾਂ ਜਾਂ ਪੱਠਿਆਂ ਦੀ ਸਮੱਸਿਆ ਕਾਰਨ ਮੁਸ਼ਕਲ ਆਉਂਦੀ ਹੈ।

### ਪਛਾਣ:

ਅਧਿਆਪਕ ਦੇ ਤੌਰ ਤੇ, ਅਜਿਹੇ ਕੁਝ ਸੰਕੇਤ ਹਨ ਜੋ ਤੁਸੀਂ ਦੇਖ ਸਕਦੇ ਹੋ। ਜਿਵੇਂ ਕਿ ਚੱਲਣ-ਫਿਰਨ ਸੰਬੰਧੀ ਵਿਕਾਰ ਵਾਲੇ ਬੱਚੇ ਨੂੰ:-

- ਚੱਲਣ ਵਿੱਚ ਮੁਸ਼ਕਲ ਆ ਸਕਦੀ ਹੈ।
- ਚੀਜ਼ਾਂ ਨੂੰ ਫੜਨ ਵਿੱਚ ਮੁਸ਼ਕਲ ਆ ਸਕਦੀ ਹੈ।
- ਲਿਖਣ ਵਿੱਚ ਮੁਸ਼ਕਲ ਆ ਸਕਦੀ ਹੈ।
- ਦੇਖਣ ਤੋਂ ਹੀ ਮਾਸਪੇਸ਼ੀਆਂ ਦੇ ਤਾਲਮੇਲ ਵਿੱਚ ਫਰਕ ਪਤਾ ਲਗ ਸਕਦਾ ਹੈ।
- ਸਰੀਰ ਦਾ ਕੋਈ ਹਿੱਸਾ ਕੱਟਿਆ ਹੋਵੇ।
- ਵੇਖਣ ਤੋਂ ਹੀ ਸਰੀਰਕ ਬਣਤਰ ਵਿੱਚ ਕੋਈ ਨੁਕਸ ਦਿੱਖਦਾ ਹੋਵੇ।
- ਇੱਕ ਥਾਂ ਤੋਂ ਦੂਜੀ ਥਾਂ ਤੱਕ ਜਾਣ ਵਿੱਚ ਮੁਸ਼ਕਲ
- ਪੌੜੀਆਂ ਚੜ੍ਹਨ ਵਿੱਚ ਮੁਸ਼ਕਲ
- ਬੇਤਰਤੀਬੀ ਚਾਲ
- ਬੱਚੇ ਨੂੰ ਤੁਰਨ-ਫਿਰਨ ਵਿੱਚ ਹੱਡੀਆਂ, ਜੋੜਾਂ ਜਾਂ ਪੱਠਿਆਂ ਦੀ ਸਮੱਸਿਆ ਕਾਰਨ ਮੁਸ਼ਕਲ ਆਉਂਦੀ ਹੈ।

**ਮਾਨਸਿਕ ਸਮੱਸਿਆ -** ਮੰਦਬੁੱਧੀ ਬੱਚਾ ਉਹ ਹੈ ਜਿਸਦੇ ਦਿਮਾਗ ਦਾ ਪੂਰਨ ਵਿਕਾਸ ਨਹੀਂ ਹੁੰਦਾ। ਇਸ ਨਾਲ ਬੱਚਾ ਆਪਣੇ ਆਪ ਨੂੰ ਵਾਤਾਵਰਨ ਦੇ ਅਨੁਸਾਰ ਨਹੀਂ ਢਾਲ ਸਕਦਾ ਭਾਵ ਅਨੁਕੂਲ ਹਾਲਾਤ ਪੈਦਾ ਨਹੀਂ ਕਰ ਸਕਦਾ। ਸਾਧਾਰਨ ਬੁੱਧੀ

ਵਾਲੇ ਬੱਚਿਆਂ ਤੋਂ ਹਰ ਪੱਧਰ ਤੇ ਖਾਸ ਵਿਕਾਸ ਅਤੇ ਵਿਵਹਾਰ ਦੀ ਆਸ ਕੀਤੀ ਜਾਂਦੀ ਹੈ ਜਿਵੇਂ 20 ਮਹੀਨੇ ਦਾ ਬੱਚਾ ਆਪਣੇ ਆਪ ਚੱਲ ਸਕੇ, 2 ਸਾਲ ਦਾ ਬੱਚਾ 2-3 ਸ਼ਬਦ ਬੋਲ ਸਕੇ। 3-4 ਸਾਲ ਦਾ ਬੱਚਾ ਆਪਣੀਆਂ ਦੈਨਿਕ ਕਿਰਿਆਵਾਂ (Toilet Control) ਆਦਿ ਕਰ ਸਕੇ। ਮੰਦਬੁੱਧੀ ਬੱਚੇ ਵਿੱਚ ਅਜਿਹਾ ਵਿਵਹਾਰ ਦੇਰੀ ਨਾਲ ਹੁੰਦਾ ਹੈ ਜਾਂ ਰੁੱਕ ਜਾਂਦਾ ਹੈ। ਅਕਸਰ ਵਿਅਕਤੀ ਦੇ 18 ਸਾਲ ਤੱਕ ਦੇ ਸਮੇਂ ਨੂੰ ਵਿਕਾਸ ਦਾ ਸਮਾਂ (Developmental Period) ਕਿਹਾ ਜਾਂਦਾ ਹੈ। ਹੋਰ ਅਪੰਗਤਾਵਾਂ ਦੀ ਤਰ੍ਹਾਂ ਜਨਮ ਤੋਂ ਪਹਿਲਾਂ, ਜਨਮ ਦੇ ਸਮੇਂ, ਜਨਮ ਤੋਂ ਬਾਅਦ 18 ਸਾਲ ਤੱਕ ਜੇ ਬੱਚੇ ਦਾ ਸੀਮਿਤ ਤੇ ਦੇਰ ਨਾਲ ਵਿਕਾਸ ਹੁੰਦਾ ਹੈ ਤਾਂ ਉਸ ਨੂੰ ਮੰਦਬੁੱਧੀ ਮੰਨਿਆਂ ਜਾਂਦਾ ਹੈ। ਉਹ ਆਪਣੀ ਉਮਰ ਦੇ ਬੱਚਿਆਂ ਨਾਲੋਂ ਘੱਟ ਅਤੇ ਹੌਲੀ ਸਿੱਖਦਾ ਹੈ।

PWD ਐਕਟ 1995 ਅਨੁਸਾਰ ਮੰਦਬੁੱਧੀ ਤੋਂ ਭਾਵ ਹੈ ਵਿਅਕਤੀ ਦੇ ਦਿਮਾਗ ਦਾ ਅਧੂਰਾ ਜਾਂ ਰੁਕਿਆ ਹੋਇਆ ਵਿਕਾਸ ਜਿਸ ਨਾਲ ਬੁੱਧੀ ਆਮ ਹਾਲਤ ਵਿੱਚ ਨਹੀਂ ਰਹਿ ਸਕਦੀ।

ਮੰਦਬੁੱਧੀ ਦਾ ਦਰਜਾ ਮਾਪਣ ਲਈ ਮਿਆਰੀ ਬੌਧਿਕ ਟੈਸਟ, ਅਨੁਕੂਲਿਤ ਵਿਵਹਾਰ ਦਾ ਨਿਰਧਾਰਨ ਅਤੇ ਕਲੀਨੀਕਲ ਮਾਪ ਦੰਡਾਂ ਰਾਹੀਂ ਜਾਂਚ ਕੀਤੀ ਜਾ ਸਕਦੀ ਹੈ। ਜਨਸੰਖਿਆ ਦਾ ਤਕਰੀਬਨ 2% ਹਿੱਸਾ ਮੰਦਬੁੱਧੀ ਬੱਚਿਆਂ ਦਾ ਹੈ।

ਮੰਦਬੁੱਧੀ ਦਾ ਕੋਈ ਇਲਾਜ ਨਹੀਂ ਪਰ ਬੱਚੇ ਦੀ ਜਲਦੀ ਤੋਂ ਜਲਦੀ ਪਛਾਣ ਕਰਕੇ, ਦਖਲ-ਅੰਦਾਜ਼ੀ ਕਰਕੇ ਵਿਸ਼ੇਸ ਸਿੱਖਿਆ ਦੇ ਕੇ ਅਤੇ ਟਰੇਨਿੰਗ ਦੇ ਕੇ ਕਾਫੀ ਹੱਦ ਤੱਕ ਉਸ ਨੂੰ ਆਤਮ ਨਿਰਭਰ ਬਣਾਇਆ ਜਾ ਸਕਦਾ ਹੈ। ਇਸ ਦੇ ਨਾਲ ਜੁੜੀਆਂ ਹੋਈਆਂ ਹੋਰ ਬਿਮਾਰੀਆਂ ਜਿਵੇਂ ਮਿਰਗੀ ਆਦਿ ਦਾ ਇਲਾਜ ਅਤੇ ਕੰਟਰੋਲ, ਮੈਡੀਕਲ ਸਲਾਹ ਨਾਲ ਕੀਤਾ ਜਾ ਸਕਦਾ ਹੈ।

## ਸਿੱਖਣ ਸਬੰਧੀ ਸਮੱਸਿਆ

ਕਲਪਨਾ ਕਰੋ ਇੱਕ ਬੱਚੇ ਦੇ ਦਿਮਾਗ ਵਿੱਚ ਬਹੁਤ ਜ਼ਰੂਰੀ ਵਿਚਾਰ ਹਨ ਤੇ ਉਹ ਉਨ੍ਹਾਂ ਵਿਚਾਰਾਂ ਨੂੰ ਅੱਗੇ ਵੰਡਣਾ ਚਾਹੁੰਦਾ ਹੈ ਪਰ ਉਨ੍ਹਾਂ ਵਿਚਾਰਾਂ ਨੂੰ ਸ਼ਬਦਾਂ ਵਿੱਚ ਪ੍ਰਗਟ ਨਹੀਂ ਕਰ ਸਕਦਾ। ਭਾਵੇਂ ਉਸਦੇ ਮਨ ਅੰਦਰ ਬਹੁਤ ਸਾਰੇ ਦ੍ਰਿਸ਼ ਅਤੇ ਆਵਾਜ਼ਾਂ ਭਰੀਆਂ ਹੋਈਆਂ ਹੋਣ ਪਰ ਉਹ ਤੁਹਾਡਾ ਧਿਆਨ ਖਿੱਚਣ ਦੇ ਯੋਗ ਨਹੀਂ ਜਾਂ ਉਹ ਪੜ੍ਹਨ ਜਾਂ ਜੋੜ ਕਰਨ ਦੀ ਕੋਸ਼ਿਸ਼ ਕਰਦਾ ਹੈ ਪਰ ਉਸਨੂੰ ਸ਼ਬਦ ਜਾਂ ਨੰਬਰ ਸਮਝ ਨਹੀਂ ਆਉਂਦੇ। ਅਜਿਹੇ ਬੱਚੇ ਜੋ ਵਿੱਦਿਅਕ ਕੰਮਾਂ ਵਿੱਚ ਤਾਲ ਮੇਲ ਨਹੀਂ ਰੱਖ ਸਕਦੇ ਉਨ੍ਹਾਂ ਦੀਆਂ ਇਹ ਸਮੱਸਿਆਵਾਂ ਨਵੀਂਆਂ ਨਹੀਂ ਹਨ। ਅਜਿਹੇ ਬੱਚਿਆਂ ਦੀ ਪਛਾਣ ਕਈ ਨਾਵਾਂ ਨਾਲ ਕੀਤੀ ਜਾਂਦੀ ਹੈ ਜਿਵੇਂ dyslexic, slow learner, brain damaged, learning disabled, educationally handicapped, poor readers ਇਹ ਆਮ ਤੌਰ ਤੇ ਮੰਨਿਆ ਜਾਂਦਾ ਹੈ ਕਿ ਸਿੱਖਣ ਸੰਬੰਧੀ ਸਮੱਸਿਆਵਾਂ ਦੇ ਵਰਗੀਕਰਨ ਦੀ ਲੋੜ ਉਨ੍ਹਾਂ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਪਈ ਜਿਨ੍ਹਾਂ ਲਈ ਸਕੂਲ ਦਾ ਵਾਤਾਵਰਨ ਚੁਣੌਤੀ ਭਰਿਆ ਹੈ।

ਸਿੱਖਣ-ਸਬੰਧੀ ਸਮੱਸਿਆਵਾਂ ਕਈ ਪ੍ਰਕਾਰ ਦੀਆਂ ਹਨ। ਇਕ ਬੱਚੇ ਨੂੰ ਪੜ੍ਹਨ, ਲਿਖਣ, ਹਿਸਾਬ, ਭਾਸ਼ਾ, ਸਮਝਣ ਆਦਿ ਵਿੱਚ ਮੁਸ਼ਕਲ ਆ ਸਕਦੀ ਹੈ। ਇਨ੍ਹਾਂ ਮੁਸ਼ਕਲਾਂ ਦਾ ਕਾਰਨ ਦਿਮਾਗ ਵਿੱਚ ਕੋਈ ਛੋਟੀ ਜਿਹੀ ਕਮੀ ਹੋ ਸਕਦੀ ਹੈ ਜਿਸ ਦਾ ਆਧੁਨਿਕ ਮਸ਼ੀਨਾਂ ਨਾਲ ਵੀ ਪਤਾ ਨਹੀਂ ਲੱਗ ਸਕਦਾ।

## ਮੌਜੂਦਾ ਰੂਪ ਰੇਖਾ:-

ਜ਼ਿਆਦਾਤਰ ਇਹੀ ਮੰਨਿਆ ਜਾਂਦਾ ਹੈ ਕਿ ਸਿੱਖਣ-ਸਬੰਧੀ ਸਮੱਸਿਆ ਦਿਮਾਗ ਨਾਲ ਸੰਬੰਧਤ ਹੈ। ਭਾਰਤ ਵਿੱਚ ਰਾਸ਼ਟਰੀ ਪੱਧਰ ਤੇ ਸਿੱਖਣ-ਸੰਬੰਧੀ ਸਮੱਸਿਆਵਾਂ ਬਾਰੇ ਕੋਈ ਵੀ ਖੋਜ ਨਹੀ ਹੋਈ। AIIMS ਦੇ ਮਨੋਵਿਗਿਆਨ ਵਿਭਾਗ ਦੇ ਡਾ.ਚਾਵਲਾ ਵੱਲੋਂ ਕੀਤੀ ਗਈ ਖੋਜ ਮੁਤਾਬਕ ਸਕੂਲ ਜਾਣ ਵਾਲੇ ਵਿਦਿਆਰਥੀਆਂ ਵਿਚੋਂ 6% ਨੂੰ ਸਿੱਖਣ-ਸੰਬੰਧੀ ਸਮੱਸਿਆਵਾਂ ਹਨ। ਅਸਲੀਅਤ ਵਿੱਚ ਅਜਿਹੇ ਬੱਚਿਆਂ ਲਈ ਕੋਈ ਖਾਸ ਵਿਦਿਅਕ ਪ੍ਰਬੰਧ ਨਹੀਂ ਕੀਤੇ ਜਾਂਦੇ ਜਿਸ ਨਾਲ ਉਨ੍ਹਾਂ ਦੀ ਵਿਦਿਅਕ ਯੋਗਤਾ ਨੂੰ ਉਭਾਰਿਆ ਜਾ ਸਕੇ। ਇਸ ਕਾਰਨ ਅਜਿਹੇ ਬਹੁਤ ਬੱਚੇ ਸਕੂਲ ਛੱਡ ਜਾਂਦੇ ਹਨ। ਕਈ ਦੇਸ਼ਾਂ ਵੱਲੋਂ ਕੀਤੀ ਖੋਜ ਇਹ ਦੱਸਦੀ ਹੈ ਕਿ ਵੱਖਰੇ ਢੰਗ ਵਰਤ ਕੇ ਸਿੱਖਣ-ਸੰਬੰਧੀ ਸਮੱਸਿਆ ਵਾਲੇ ਬੱਚਿਆਂ ਨੂੰ ਸੁਧਾਰਿਆ ਜਾ ਸਕਦਾ ਹੈ। ਦਵਾਈਆਂ ਰਾਹੀਂ ਸਮੱਸਿਆਵਾਂ ਹੋਰ ਵੱਧ ਸਕਦੀਆਂ ਹਨ ਇਸ ਲਈ ਉਚਿਤ ਵਿਦਿਅਕ ਨੀਤੀਆਂ ਹੀ ਸਭ ਤੋਂ ਵੱਧ ਮੱਦਦ ਕਰ ਸਕਦੀਆਂ ਹਨ।

## ਲੋੜ ਅਤੇ ਮਹੱਤਤਾ:-

ਕੁਝ ਸਮਾਂ ਪਹਿਲਾਂ ਹੀ ਸਿੱਖਣ-ਸੰਬੰਧੀ ਸਮੱਸਿਆਵਾਂ ਦੀ ਪਛਾਣ ਹੋਈ ਹੈ ਪਰ ਅਜਿਹੇ ਬੱਚੇ ਤਾਂ ਹਮੇਸ਼ਾ ਹੀ ਹੁੰਦੇ ਹਨ। ਮਾਤਾ ਪਿਤਾ ਅਤੇ ਅਧਿਆਪਕ ਜਾਣਦੇ ਹਨ ਕਿ ਅਜਿਹੇ ਬੱਚੇ ਘਰ, ਸਕੂਲ ਅਤੇ ਸਮਾਜ ਦਾ ਸਾਹਮਣਾ ਕਰਨ ਲਈ ਸੰਘਰਸ਼ ਕਰਦੇ ਹਨ। ਨਵੀਂ ਗੱਲ ਇਹ ਹੈ ਕਿ ਹੁਣ ਇਨ੍ਹਾਂ ਸਮੱਸਿਆਵਾਂ ਨੂੰ ਪ੍ਰਵਾਨ ਕਰ ਲਿਆ ਗਿਆ ਹੈ। ਹੁਣ ਸਿੱਖਣ ਸੰਬੰਧੀ ਸਮੱਸਿਆ ਨੂੰ ਇੱਕ ਹਾਲਤ ਦੇ ਤੌਰ ਤੇ ਮੰਨ ਲਿਆ ਗਿਆ ਹੈ, ਇਕ ਅਜਿਹੀ ਹਾਲਤ ਜਿਸਨੂੰ ਪੇਸ਼ੇਵਰ ਵਿਅਕਤੀ ਹੋਰ ਵਿਕਾਰਾਂ ਨਾਲੋਂ ਵੱਖ ਕਰ ਸਕਦੇ ਹਨ। ਭਾਵੇਂ ਇਹ ਵਿਕਾਰਾਂ ਦਾ ਇੱਕ ਸਮੂਹ ਹੈ ਜੋ ਹਜ਼ਾਰਾਂ ਬੱਚਿਆਂ ਦੇ ਜੀਵਨ ਤੇ ਅਸਰ ਪਾਉਂਦਾ ਹੈ ਪਰ ਹਾਲੇ ਤੱਕ ਇਸਨੂੰ ਕਾਨੂੰਨੀ ਮਾਨਤਾ ਨਹੀਂ ਮਿਲੀ, ਇਸ ਲਈ ਸਕੂਲਾਂ ਵਿੱਚ ਸਿੱਖਣ-ਸੰਬੰਧੀ ਵਿਕਾਰਾਂ ਵਾਲੇ ਬੱਚਿਆਂ ਲਈ ਕੋਈ ਖਾਸ ਪ੍ਰਬੰਧ ਨਹੀਂ।

ਸਕੂਲਾਂ ਦਾ ਸਰਵੇਖਣ ਦੱਸਦਾ ਹੈ ਕਿ ਕਲਾਸ-ਰੂਮ ਵਿੱਚ ਸਿੱਖਣ-ਸੰਬੰਧੀ ਵਿਕਾਰਾਂ ਵਾਲੇ ਬੱਚਿਆਂ ਦੀ ਗਿਣਤੀ ਕਾਫੀ ਹੈ। ਆਮ ਤੌਰ ਤੇ ਇਹ ਮੰਨਿਆ ਜਾਂਦਾ ਹੈ ਕਿ ਜ਼ਿਆਦਾ ਬੱਚੇ ਆਰਥਕ ਸਮੱਸਿਆਵਾਂ ਕਾਰਨ ਸਕੂਲ ਛੱਡ ਜਾਂਦੇ ਹਨ, ਪਰ ਅਸਲ ਵਿੱਚ ਅਜਿਹੇ ਬੱਚਿਆਂ ਵੱਲ ਵਿਸ਼ੇਸ਼ ਧਿਆਨ ਨਹੀਂ ਦਿੱਤਾ ਜਾਂਦਾ, ਇਹ ਮਹਿਸੂਸ ਕੀਤਾ ਗਿਆ ਹੈ ਕਿ ਬਹੁਤੇ ਡਰਾਪ ਆਊਟ ਸਿੱਖਣ ਸੰਬੰਧੀ ਵਿਕਾਰਾਂ ਵਾਲੇ ਬੱਚੇ ਹੀ ਹੁੰਦੇ ਹਨ।

ਸਿੱਖਣ-ਸੰਬੰਧੀ ਸਮੱਸਿਆ ਵਾਲੇ ਬੱਚਿਆਂ ਦਾ ਦਿਮਾਗ ਦੂਜੇ ਬੱਚਿਆਂ ਦੇ ਦਿਮਾਗ ਨਾਲੋਂ ਅਲੱਗ ਤਰੀਕੇ ਨਾਲ ਸੂਚਨਾ ਤੇ ਕਾਰਵਾਈ ਕਰਦਾ ਹੈ। ਕਈ ਸੂਚਨਾਵਾਂ ਦਿਮਾਗ ਵਿੱਚੋਂ ਲੰਘਦੇ ਸਮੇਂ ਗੁਆਚ ਹੀ ਜਾਂਦੀਆਂ ਹਨ। ਸੂਚਨਾ ਸੰਬੰਧੀ Processing ਦੱਸਦੀ ਹੈ ਕਿ ਦਿਮਾਗ ਕਿਵੇਂ:

- ਸੂਚਨਾ ਲੈਂਦਾ ਹੈ।
- ਇਸ ਸੂਚਨਾ ਦਾ ਇਸਤੇਮਾਲ ਕਰਦਾ ਹੈ।

- ਸੂਚਨਾ ਨੂੰ ਸਟੋਰ ਕਰਦਾ ਹੈ।
- ਸੂਚਨਾ ਨੂੰ ਪ੍ਰਗਟ ਕਰਦਾ ਹੈ।

ਸਿੱਖਣ-ਸੰਬੰਧੀ ਵਿਕਾਰ ਵਾਲਾ ਬੱਚਾ ਕ੍ਰਿਕਟ ਦੇ ਖਿਡਾਰੀ ਦੀ ਤਰ੍ਹਾਂ ਹੈ ਜੋ ਬਹੁਤ ਰੱਨ (Run) ਬਣਾ ਸਕਦਾ ਹੈ ਪਰ ਉਸਨੂੰ ਖੇਡਣ ਲਈ ਟੁੱਟਿਆ ਹੋਇਆ ਬੱਲਾ ਦੇ ਦਿੱਤਾ ਜਾਂਦਾ ਹੈ। ਉਸਨੂੰ ਇਹ ਸਾਬਤ ਕਰਨ ਦਾ ਮੌਕਾ ਹੀ ਨਹੀਂ ਮਿਲਦਾ ਕਿ ਉਹ ਅਸਲ ਵਿੱਚ ਕਿੰਨਾ ਵਧੀਆ ਖੇਡ ਸਕਦਾ ਹੈ।

ਅਧਿਆਪਕਾਂ ਨੂੰ ਸਿੱਖਣ ਸੰਬੰਧੀ ਸਮੱਸਿਆਵਾਂ ਦਾ ਅਕਸਰ ਪਤਾ ਲਗ ਜਾਂਦਾ ਹੈ ਪਰ ਉਹ ਪੂਰੀ ਤਰ੍ਹਾਂ ਉਨ੍ਹਾਂ ਤਕਲੀਫ਼ਾਂ ਦਾ ਕਾਰਨ ਨਹੀਂ ਲੱਭ ਸਕਦੇ। ਪ੍ਰੀ-ਸਕੂਲ ਲੈਵਲ ਤੇ ਅਧਿਆਪਕ ਇਹ ਕਹਿ ਸਕਦਾ ਹੈ ਕਿ ਬੱਚਾ ਸੁਸਤ ਹੈ ਤੇ ਧਿਆਨ ਨਾਲ ਨਹੀਂ ਸੁਣਦਾ। ਪਹਿਲੀ ਜਮਾਤ ਦੇ ਬੱਚੇ ਦਾ ਅਧਿਆਪਕ ਇਹ ਕਹਿ ਸਕਦਾ ਹੈ ਕਿ ਉਸ ਨੂੰ ਲਗਾਤਾਰ ਧਿਆਨ ਦੀ ਲੋੜ ਹੈ, ਦੂਜੀ ਕਲਾਸ ਦਾ ਅਧਿਆਪਕ ਇਹ ਸੋਚ ਸਕਦਾ ਹੈ ਕਿ ਬੱਚੇ ਦੇ ਦਿਮਾਗ ਵਿੱਚ ਕੋਈ ਨੁਕਸ ਹੈ, ਤੀਜੀ ਕਲਾਸ ਦਾ ਅਧਿਆਪਕ ਵੱਖ ਕਿਸਮ ਦੇ ਪੜ੍ਹਾਉਣ ਦੇ ਢੰਗਾਂ ਦਾ ਸੁਝਾਅ ਦੇ ਸਕਦਾ ਹੈ। ਇਹ ਸਭ ਕੁਝ ਦੱਸਦਾ ਹੈ ਕਿ ਅਧਿਆਪਕ ਨੂੰ ਸ਼ੁਰੂ ਤੋਂ ਹੀ ਬੱਚੇ ਦੀਆਂ ਸਿੱਖਣ-ਸਬੰਧੀ ਸਮੱਸਿਆਵਾਂ ਦਾ ਪਤਾ ਹੈ। ਇਸ ਲਈ ਅਧਿਆਪਕ ਨੂੰ ਠੀਕ ਜਾਣਕਾਰੀ ਅਤੇ ਨਿਪੁੰਨਤਾ ਹੋਣੀ ਚਾਹੀਦੀ ਹੈ ਤਾਂ ਜੋ ਉਹ ਸਿੱਖਣ-ਸਬੰਧੀ ਸਮੱਸਿਆਵਾਂ ਵਾਲੇ ਬੱਚਿਆਂ ਨਾਲ ਠੀਕ ਢੰਗ ਨਾਲ ਵਿਵਹਾਰ ਕਰ ਸਕੇ।

# ਪਾਠ-2
# ਵੇਖਣ ਦੀ ਸਮੱਸਿਆ ਸਬੰਧੀ

ਇਹ ਸਮੱਸਿਆਵਾਂ ਦੋ ਤਰ੍ਹਾਂ ਦੀਆਂ ਹੁੰਦੀਆਂ ਹਨ।

**ੳ. ਅੰਨ੍ਹਾਪਣ:-** ਅੰਨ੍ਹਾਪਣ ਤੋਂ ਭਾਵ ਹੈ ਕਿ ਬੱਚੇ ਦੀ ਨਜ਼ਰ ਬਿਲਕੁਲ ਖਤਮ ਹੈ ਅਤੇ ਉਹ ਪੜ੍ਹ ਹੀ ਨਹੀਂ ਸਕਦਾ।

**ਅ. ਘੱਟ ਦਿਸਣਾ:-** ਘੱਟ ਦਿਸਣਾ ਤੋਂ ਭਾਵ ਹੈ ਕਿ ਬੱਚਾ ਐਨਕ ਲਗਾ ਕੇ ਪੜ੍ਹ ਸਕਦਾ ਹੈ।

ਇਕ ਅਧਿਆਪਕ ਦੇ ਤੌਰ ਤੇ, ਤੁਹਾਡੇ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਤੁਹਾਡੇ ਕਲਾਸ ਰੂਮ ਵਿੱਚ ਕਿਹੜੇ ਬੱਚਿਆਂ ਨੂੰ ਕਿਹੜੀਆਂ ਕਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਿਹੇ ਬੱਚਿਆਂ ਦੀ ਪਛਾਣ ਕਰਨੀ ਜ਼ਰੂਰੀ ਹੈ। ਇਸ ਲਈ ਇਨ੍ਹਾਂ ਬੱਚਿਆਂ ਦੀ ਪਛਾਣ ਲਈ ਇੱਕ ਸਧਾਰਣ ਚੈਕ-ਲਿਸਟ ਅੱਗੇ ਦਿੱਤੀ ਗਈ ਹੈ ਜੋ ਤੁਹਾਡੀ ਸਹਾਇਤਾ ਕਰੇਗੀ ।

ਵੇਖਣ ਸੰਬੰਧੀ ਨੁਕਸ ਵਾਲੇ ਬੱਚਿਆਂ ਨੂੰ ਚੈਕ ਕਰਨ ਲਈ ਚੈਕ-ਲਿਸਟ

| ਲੜੀ ਨੰ: | ਵੇਖਣ ਸੰਬੰਧੀ ਨੁਕਸ ਵਾਲੇ ਬੱਚਿਆਂ ਦੀ ਪਛਾਣ | ਹਾਂ | ਨਹੀਂ |
|---|---|---|---|
| 1 | ਬੱਚੇ ਨੂੰ ਬੋਰਡ ਤੋਂ ਪੜ੍ਹਨ ਵਿੱਚ ਮੁਸ਼ਕਲ ਆਵੇ ਭਾਵੇਂ ਉਹ ਪਹਿਲੀ ਲਾਈਨ ਵਿੱਚ ਹੀ ਬੈਠਾ ਹੋਵੇ। | | |
| 2 | ਬੱਚਾ ਪੜ੍ਹਨ ਵੇਲੇ ਪੁਸਤਕ ਅੱਖਾਂ ਦੇ ਜ਼ਿਆਦਾ ਕੋਲ ਜਾਂ ਦੂਰ ਰੱਖੇ। | | |
| 3 | ਬੱਚਾ ਲਿਖਣ ਲਈ ਦਿੱਤੀ ਜਗ੍ਹਾ ਤੇ ਲਿਖਣ ਤੋਂ ਅਸਮਰੱਥ ਹੋਵੇ। | | |
| 4 | ਬੱਚੇ ਨੂੰ ਚੀਜ਼ਾਂ ਜਾਂ ਆਦਮੀ ਦੂਰ ਤੋਂ ਪਛਾਣ ਨਾ ਆਉਣ (45 ਮੀਟਰ ਦੀ ਦੂਰੀ ਤੋਂ) | | |
| 5 | ਬੱਚਾ ਚਲ ਰਹੀਆਂ ਚੀਜ਼ਾਂ ਦੀ ਪਛਾਣ ਨਾ ਕਰ ਸਕੇ, | | |
| 6 | ਬੱਚਾ ਰੰਗਾਂ ਦੀ ਪਛਾਣ ਨਾ ਕਰ ਸਕੇ। | | |
| 7 | ਬੱਚੇ ਨੂੰ ਅੰਕਾਂ, ਚਿੰਨ੍ਹਾਂ ਅਤੇ ਬਣਤਰ (ਪੈਟਰਨ) ਨੂੰ ਪਛਾਣਨ ਵਿੱਚ ਮੁਸ਼ਕਲ ਆਵੇ | | |
| 8 | ਬੱਚੇ ਨੂੰ ਰਸਤਾ ਲੱਭਣ ਵਿੱਚ ਮੁਸ਼ਕਲ ਆਵੇ । | | |
| 9 | ਵਾਤਾਵਰਨ ਵਿੱਚ ਚਾਨਣ ਦਾ ਬਦਲਾਅ ਬੱਚੇ ਨੂੰ ਦੁਚਿੱਤੀ ਵਿੱਚ ਪਾ ਦੇਵੇ । | | |
| 10 | ਬੱਚਾ ਵੱਡੇ, ਚਮਕਦਾਰ ਅੱਖਰਾਂ ਵਿੱਚ ਦੂਸਰਿਆਂ ਦੇ ਮੁਕਾਬਲੇ ਵਧੀਆ ਕੰਮ ਕਰੇ । | | |
| 11 | ਅੱਖ ਦੇ ਆਨੇ ਦੀ ਗਤੀ ਕਾਰਨ ਬੱਚਾ ਇੱਕ ਜਗ੍ਹਾ ਨਜ਼ਰ ਨਾ ਟਿਕਾ ਸਕੇ । | | |

| | | | |
|---|---|---|---|
| 12 | ਬੱਚੇ ਨੂੰ ਚਿਹਰੇ ਦੀਆਂ ਭਾਵਨਾਵਾਂ ਅਤੇ ਐਕਸ਼ਨ ਪਛਾਣਨ ਵਿੱਚ ਮੁਸ਼ਕਲ ਆਵੇ । | | |
| 13 | ਬੱਚੇ ਨੂੰ ਮੂੰਹ ਹਨੇਰੇ ਵਿੱਚ ਚੱਲਣ ਵਿੱਚ ਮੁਸ਼ਕਲ ਆਵੇ । | | |
| 14 | ਬੱਚੇ ਨੂੰ ਇੱਕ ਮੀਟਰ ਦੀ ਦੂਰੀ ਤੋਂ ਹੱਥਾਂ ਦੀਆਂ ਉਂਗਲੀਆਂ ਗਿਣਨ ਵਿੱਚ ਮੁਸ਼ਕਲ ਆਵੇ । | | |
| 15 | ਬੱਚਾ ਵਾਰ-ਵਾਰ ਆਪਣੀਆਂ ਅੱਖਾਂ ਮਲਦਾ ਹੋਵੇ । | | |
| 16 | ਬੱਚਾ ਰਸਤੇ ਵਿੱਚ ਪਈ ਵਸਤੂ ਵਿੱਚ ਵੱਜਦਾ ਹੋਵੇ । | | |
| 17 | ਜੇਕਰ ਬੱਚੇ ਦੀਆਂ ਅੱਖਾਂ ਬਹੁਤ ਵੱਡੀਆਂ ਜਾਂ ਬਹੁਤ ਛੋਟੀਆਂ ਹੋਣ ਜਾਂ ਟੀਰ ਮਾਰਦਾ ਹੋਵੇ । | | |
| 18 | ਜੇਕਰ ਬੱਚੇ ਦੀਆਂ ਅੱਖਾਂ ਵਿੱਚ ਵਾਰ-ਵਾਰ ਗਿੱਡਾਂ ਆਉਂਦੀਆਂ ਹਨ । | | |

ਨੋਟ- ਜੇਕਰ ਉੱਪਰ ਲਿਖੀਆਂ ਨਿਸ਼ਾਨੀਆਂ ਵਿੱਚੋਂ ਕਿਸੇ ਬੱਚੇ ਵਿੱਚ 4-5 ਨਿਸ਼ਾਨੀਆਂ ਹੋਣ ਤਾਂ ਉਹ ਬੱਚੇ ਦੀ ਘੱਟ ਨਜ਼ਰ ਵੱਲ ਇਸ਼ਾਰਾ ਕਰਦੀਆਂ ਹਨ।

## ਸਾਧਾਰਨ ਕਲਾਸ ਰੂਮ ਵਿੱਚ ਵੇਖਣ ਸੰਬੰਧੀ ਨੁਕਸ ਵਾਲੇ ਬੱਚਿਆਂ ਬਾਰੇ ਪ੍ਰਬੰਧ

ਰੈਗੂਲਰ ਸਕੂਲਾਂ ਵਿੱਚ ਜਿਥੇ ਵੱਖ-ਵੱਖ ਲੋੜਾਂ ਵਾਲੇ ਬੱਚੇ ਵੀ ਪੜ੍ਹਦੇ ਹਨ, ਤੁਸੀਂ ਇੱਕ ਅਧਿਆਪਕ ਵਜੋਂ ਹਰੇਕ ਬੱਚੇ ਦੀ ਲੋੜ ਨੂੰ ਮਹਿਸੂਸ ਕਰਦੇ ਹੋ। ਇਸ ਭਾਗ ਵਿੱਚ ਤੁਹਾਨੂੰ ਵੇਖਣ ਸਬੰਧੀ ਨੁਕਸ ਵਾਲੇ ਬੱਚਿਆਂ ਨੂੰ ਪੜ੍ਹਾਉਣ ਲਈ ਕੁਝ ਸਧਾਰਨ ਅਗਵਾਈ ਮੁਹੱਈਆ ਕਰਵਾਈ ਜਾਂਦੀ ਹੈ।

## ਵੇਖਣ ਸੰਬੰਧੀ ਨੁਕਸ ਵਾਲੇ ਬੱਚਿਆਂ ਨੂੰ ਪੜ੍ਹਾਉਣ ਸੰਬੰਧੀ ਧਿਆਨ ਰੱਖਣ ਯੋਗ ਗੱਲਾਂ :

1. ਜਦੋਂ ਤੁਸੀਂ ਬਲੈਕ-ਬੋਰਡ ਤੇ ਲਿਖ ਰਹੇ ਹੋ ਤਾਂ ਉਸ ਨੂੰ ਨਾਲ ਨਾਲ ਬੋਲੋ ਵੀ । ਜਦੋਂ ਪੁਸਤਕ ਤੋਂ ਪੜ੍ਹਾ ਰਹੇ ਹੋ ਤਾਂ ਪੁਸਤਕ ਤੋਂ ਆਵਾਜ਼ ਨਾਲ ਪੜ੍ਹੋ ਵੀ ਜਾਂ ਬੱਚੇ ਨੂੰ ਪੁਸਤਕ ਤੋਂ ਪੜ੍ਹਨ ਲਈ ਕਹੋ।



2. ਜਮਾਤ ਵਿੱਚ ਕੋਈ ਨਵਾਂ ਪਾਠ (ਟਾਪਿਕ) ਸ਼ੁਰੂ ਕਰਨ ਤੋਂ ਪਹਿਲਾਂ ਕਾਫੀ ਸਾਰੀਆਂ ਜ਼ੁਬਾਨੀ ਹਦਾਇਤਾਂ ਜਾਰੀ ਕਰੋ।

3 ਆਪਣੇ ਤਜ਼ਰਬੇ ਨੂੰ ਵਿਸਥਾਰ ਨਾਲ ਵਰਤੋ। ਵਿਦਿਆਰਥੀਆਂ ਨੂੰ ਇਹ ਮੌਕਾ ਦਿੱਤਾ ਜਾਵੇ ਕਿ ਉਹ ਛੂਹਣ ਦੇ ਤਜ਼ਰਬੇ ਨਾਲ ਸ਼ਬਦਾਂ ਨੂੰ ਜਾਣਨ।

4 ਕੁਝ ਇਹੋ ਜਿਹੀਆਂ ਕ੍ਰਿਆਵਾਂ ਦੀ ਯੋਜਨਾਬੰਦੀ ਕੀਤੀ ਜਾਵੇ, ਜਿਨ੍ਹਾਂ ਨੂੰ ਕਰਕੇ ਬੱਚਾ ਸਿੱਖੇ। ਜਿਵੇਂ ਕਿ ਬੱਚੇ ਨੂੰ ਡਾਕਘਰ ਵਿੱਚ ਲਿਜਾ ਕੇ ਜ਼ਿਆਦਾ ਲਾਭਦਾਇਕ ਹੋਵੇਗਾ ਨਾ ਕਿ ਡਾਕਘਰ ਦੀ ਬਣਤਰ ਬਾਰੇ ਉਸਨੂੰ ਵੈਸੇ ਹੀ ਦਸ ਕੇ।

5. ਸਿੱਖਣ ਵਿਧੀ ਨੂੰ ਅੱਖਾਂ ਦੀ ਸਮੱਸਿਆ ਨਾਲ ਪੀੜਿਤ ਬੱਚਿਆਂ ਅਤੇ ਸਧਾਰਣ ਬੱਚਿਆਂ ਲਈ ਅਨੰਦਮਈ ਅਤੇ ਕੁਦਰਤੀ ਬਣਾਇਆ ਜਾਵੇ।

6. ਜਦੋਂ ਵੀ ਤੁਸੀਂ ਕਿਸੇ ਬੱਚੇ ਨੂੰ ਬੁਲਾਣਾ ਹੋਵੇ ਤਾਂ ਹਮੇਸ਼ਾ ਉਸ ਦਾ ਨਾਮ ਲੈ ਕੇ ਬੁਲਾਓ, ਕਿਉਂਕਿ ਬੱਚੇ ਨੂੰ ਇਹ ਨਹੀਂ ਪਤਾ ਕਿ ਤੁਸੀਂ ਉਸ ਵੱਲ ਵੇਖ ਰਹੇ ਹੋ ਕਿ ਨਹੀਂ ।



7. ਜੇ ਸਕੂਲ ਵਿੱਚ ਪੌੜੀਆਂ ਹਨ ਤਾਂ ਇਨ੍ਹਾਂ ਬੱਚਿਆਂ ਨੂੰ ਉਨ੍ਹਾਂ ਬਾਰੇ ਸੁਚੇਤ ਕੀਤਾ ਜਾਵੇ।

8. ਬੱਚਿਆਂ ਨੂੰ ਪ੍ਰੇਰਤ ਕਰੋ ਕਿ ਅੱਖਾਂ ਦੀ ਸਮੱਸਿਆ ਜਾਂ ਬਿਮਾਰੀ ਨਾਲ ਪੀੜਿਤ ਬੱਚਿਆਂ ਨਾਲ ਮਿਲਵਰਤਨ ਨਾਲ ਪੇਸ਼ ਆਉਣ।

9. ਬੱਚਿਆਂ ਨੂੰ ਪ੍ਰੇਰਿਤ ਕਰੋ ਕਿ ਅੱਖਾਂ ਦੀ ਸਮੱਸਿਆ ਜਾਂ ਬਿਮਾਰੀ ਨਾਲ ਪੀੜਿਤ ਬੱਚਿਆਂ ਨੂੰ ਆਪਣਾ ਦੋਸਤ ਸਵੀਕਾਰ ਕਰਨ।

10. ਅੱਖਾਂ ਦੀ ਸਮੱਸਿਆ ਜਾਂ ਬਿਮਾਰੀ ਨਾਲ ਪੀੜਿਤ ਬੱਚਿਆਂ ਨੂੰ ਵੱਖ-ਵੱਖ ਸਰੀਰਕ ਕ੍ਰਿਆਵਾਂ ਵਿੱਚ ਭਾਗ ਲੈਣ ਲਈ ਉਤਸ਼ਾਹਤ ਕਰੋ।

11. ਸਹਿਪਾਠੀਆਂ ਨੂੰ ਕਹੋ ਕਿ ਉਨ੍ਹਾਂ ਦੇ ਕੰਮ ਕਰਨ ਅਤੇ ਸੰਬੰਧਤ ਸਮਾਨ ਲਈ ਉਨ੍ਹਾਂ ਦੀ ਸਹਾਇਤਾ ਕਰਨ।

12. ਸਧਾਰਨ ਬੱਚਿਆਂ ਨੂੰ ਸਮਝਾਇਆ ਜਾਵੇ ਕਿ ਘੱਟ ਨਜ਼ਰ ਵਾਲੇ ਬੱਚਿਆਂ ਨੂੰ ਚਿੜਾਉਣ ਵਾਲੇ ਨਾਵਾਂ ਨਾਲ ਨਾ ਪੁਕਾਰਨ।

## ਘੱਟ ਨਜ਼ਰ ਵਾਲੇ ਬੱਚਿਆਂ ਨੂੰ ਪੜ੍ਹਾਉਣ ਬਾਰੇ ਢੰਗ-ਤਰੀਕੇ -

1 ਜੇ ਸੰਭਵ ਹੋ ਸਕੇ ਤਾਂ ਉਸ ਬੱਚੇ ਨੂੰ ਉਸ ਵਸਤੂ ਜਾਂ ਚੀਜ਼ ਦੇ ਨੇੜੇ ਲੈ ਕੇ ਜਾਓ, ਜਿਥੋਂ ਉਸ ਵਸਤੂ ਨੂੰ ਛੂਹ ਕੇ ਉਸ ਬਾਰੇ ਜਾਣਕਾਰੀ ਦਿੱਤੀ ਜਾ ਸਕੇ।





2. ਘੱਟ ਨਜ਼ਰ ਵਾਲੇ ਬੱਚੇ ਨੂੰ ਆਪਣੇ ਸਾਹਮਣੇ ਬਿਠਾਓ, ਬਲੈਕ-ਬੋਰਡ ਦੇ ਨੇੜੇ, ਜੇ ਸੰਭਵ ਹੋਵੇ ਤਾਂ ਖਿੜਕੀ ਦੇ ਨੇੜੇ ਬਿਠਾਓ। ਇਸ ਤਰ੍ਹਾਂ ਬੱਚਾ ਜ਼ਿਆਦਾ ਸਿੱਖ ਅਤੇ ਪੜ੍ਹ ਸਕੇਗਾ।

3. ਘੱਟ ਨਜ਼ਰ ਵਾਲੇ ਬੱਚੇ ਨੂੰ ਫੈਲਟ ਪੈੱਨ ਜਾਂ ਰੀਡ ਪੈੱਨ (Felt pen or Reed pen) ਲਿਖਣ ਲਈ ਦਿਉ ।

4. ਘੱਟ ਨਜ਼ਰ ਵਾਲੇ ਬੱਚੇ ਨੂੰ ਹਮੇਸ਼ਾ ਕਾਲੇ ਰੰਗ ਦਾ ਪੈੱਨ ਅਤੇ ਫੋਟੋ ਕਾਪੀ ਵਾਲੇ ਕਾਗਜ਼ ਕੰਮ ਕਰਨ ਲਈ ਦਿੱਤੇ ਜਾਣ ਤਾਂ ਜੋ ਉਹ ਅਸਾਨੀ ਨਾਲ ਲਿਖ ਅਤੇ ਪੜ੍ਹ ਸਕੇ।


5. ਜੇ ਘੱਟ ਨਜ਼ਰ ਵਾਲੇ ਬੱਚੇ ਰੋਸ਼ਨੀ ਪ੍ਰਤੀ ਬਹੁਤੇ ਸੰਵੇਦਨਸ਼ੀਲ ਹੋਣ ਤਾਂ ਉਨ੍ਹਾਂ ਨੂੰ ਸਿੱਧੇ ਰੋਸ਼ਨੀ ਵੱਲ ਨਾ ਵੇਖਣ ਦਿੱਤਾ ਜਾਵੇ।


6. ਲਿਖਣ ਦੇ ਅਕਾਰ ਦਾ ਇਕ ਵੱਡਾ ਪਹਿਲੂ ਹੈ, ਆਮ ਤੌਰ ਤੇ ਵੱਡੇ ਅਕਾਰ ਵਿੱਚ ਲਿਖਿਆ ਜਾਵੇ ਤਾਂ ਵਧੀਆ ਹੈ ਤਾਂ ਜੋ ਬੱਚੇ ਉਸ ਨੂੰ ਅਸਾਨੀ ਨਾਲ ਪੜ੍ਹ ਸਕਣ।






7. ਰੰਗ ਇਕ ਹੋਰ ਅਗਲਾ ਪਹਿਲੂ ਹੈ। ਉਹ ਰੰਗ ਜਿਨ੍ਹਾਂ ਦਾ ਅਸਾਨੀ ਨਾਲ ਵਖਰੇਵਾਂ ਨਹੀਂ ਕੀਤਾ ਜਾ ਸਕਦਾ ਜਾਂ ਛੋਟੀਆਂ ਪੈਨਸਿਲਾਂ ਜਾਂ ਵਸਤੂਆਂ ਰੰਗਦਾਰ ਹੋਣੀਆਂ ਚਾਹੀਦੀਆਂ ਹਨ ਜਿਨ੍ਹਾਂ ਦੇ ਰੰਗ ਯਾਦ ਕਰਕੇ ਆਸਾਨੀ ਨਾਲ ਵੱਖਰਾ-ਵੱਖਰਾ ਕੀਤਾ ਜਾ ਸਕੇ।














a b c d e f g h i j k
l m n o p q r s t u v
w x y z

# ਪਾਠ-3
# ਸੁਣਨ/ਬੋਲਣ ਵਿੱਚ ਸਮੱਸਿਆ ਸੰਬੰਧੀ

ਸੁਣਨ / ਬੋਲਣ ਵਿੱਚ ਸਮੱਸਿਆ ਵਾਲੇ ਬੱਚੇ ਨੂੰ ਆਸ-ਪਾਸ ਦੀਆਂ ਆਵਾਜ਼ਾਂ / ਗੱਲਬਾਤ ਸੁਣਨ ਵਿੱਚ ਸਮੱਸਿਆ ਆਉਂਦੀ ਹੈ।

## ਸੁਣਨ/ ਬੋਲਣ ਵਿੱਚ ਸਮੱਸਿਆ ਵਾਲੇ ਬੱਚਿਆਂ ਦੀ ਪਛਾਣ -

ਇਕ ਅਧਿਆਪਕ ਦੇ ਤੌਰ ਤੇ, ਤੁਹਾਡੇ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਤੁਹਾਡੇ ਕਲਾਸ ਰੂਮ ਵਿੱਚ ਬੱਚਿਆਂ ਨੂੰ ਕਿਹੜੀਆਂ ਕਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਿਹੇ ਬੱਚਿਆਂ ਦੀ ਪਛਾਣ ਕਰਨੀ ਜ਼ਰੂਰੀ ਹੈ। ਇਸ ਲਈ ਸੁਣਨ / ਬੋਲਣ ਵਿੱਚ ਸਮੱਸਿਆ ਵਾਲੇ ਬੱਚਿਆਂ ਨੂੰ ਪਛਾਣਨ ਲਈ ਇੱਕ ਸਧਾਰਣ ਚੈਕ-ਲਿਸਟ ਅੱਗੇ ਦਿੱਤੀ ਗਈ ਹੈ ਜੋ ਤੁਹਾਡੀ ਸਹਾਇਤਾ ਕਰੇਗੀ ।

| ਲੜੀ ਨੰ: | ਸੁਣਨ / ਬੋਲਣ ਸਬੰਧੀ ਨੁਕਸ ਵਾਲੇ ਬੱਚਿਆਂ ਦੀ ਪਛਾਣ | ਹਾਂ | ਨਹੀਂ |
|---|---|---|---|
| 1 | ਕੀ ਬੱਚਾ ਸ਼੍ਰੇਣੀ ਵਿੱਚ ਧਿਆਨ ਦੇਣ ਵਿੱਚ ਮੁਸ਼ਕਲ ਮਹਿਸੂਸ ਕਰਦਾ ਹੈ? | | |
| 2 | ਕੀ ਬੱਚਾ ਸੁਣਨ ਲਈ ਇੱਕ ਕੰਨ ਤੇ ਜ਼ੋਰ ਪਾਉਂਦਾ ਹੈ? | | |
| 3 | ਕੀ ਬੱਚੇ ਨੂੰ ਪਿੱਛੋਂ ਬੁਲਾਉਣ ਤੇ ਸੁਣਨ ਵਿੱਚ ਮੁਸ਼ਕਲ ਆਉਂਦੀ ਹੈ ? | | |
| 4 | ਕੀ ਤੁਹਾਨੂੰ ਲਗਦਾ ਹੈ ਕਿ ਬੱਚਾ ਬਹੁਤ ਉੱਚੀ ਜਾਂ ਬਹੁਤ ਨਮਰਤਾ ਨਾਲ ਸੁਣਦਾ ਹੈ? | | |
| 5 | ਕੀ ਬੱਚਾ ਬੋਲਣ ਵਿੱਚ ਜਾਂ ਗਲਤ ਉੱਚਾਰਨ ਵਿੱਚ ਮੁਸ਼ਕਲ ਮਹਿਸੂਸ ਕਰਦਾ ਹੈ? | | |
| 6 | ਕੀ ਬੱਚਾ ਰੇਡੀਓ ਜਾਂ ਟੈਲੀਵਿਜ਼ਨ ਨੂੰ ਉੱਚੀ ਆਵਾਜ਼ ਕਰਕੇ ਸੁਣਦਾ ਹੈ? | | |
| 7 | ਕੀ ਬੱਚਾ ਤੁਹਾਡੇ ਪ੍ਰਸ਼ਨਾਂ ਦਾ ਉੱਤਰ ਪ੍ਰਸ਼ਨਾਂ ਅਨੁਸਾਰ ਨਹੀਂ ਦਿੰਦਾ ਹੈ ? | | |
| 8 | ਕੀ ਬੱਚਾ ਆਪਣੇ ਹਾਣ ਦੇ ਬੱਚਿਆਂ ਤੋਂ ਦੂਰ ਰਹਿੰਦਾ ਹੈ ? | | |
| 9 | ਜਦੋਂ ਤੁਸੀਂ ਬੱਚੇ ਨੂੰ ਦੂਸਰੇ ਕਮਰੇ ਵਿੱਚੋਂ ਬੋਲਦੇ ਹੋ ਤਾਂ ਉਹ ਤੁਹਾਡੀ ਗੱਲ ਦਾ ਜਵਾਬ ਦੇਣ ਵਿੱਚ ਅਸਮਰੱਥ ਹੁੰਦਾ ਹੈ? | | |
| 10 | ਕੀ ਬੱਚਾ ਵਾਰ-ਵਾਰ ਦੁਹਰਾਉਣ ਤੇ ਹਦਾਇਤਾਂ ਨੂੰ ਸਮਝ ਸਕਦਾ ਹੈ? | | |


**ਨੋਟ:** ਜੇਕਰ ਉੱਪਰ ਦਿੱਤੇ ਪ੍ਰਸ਼ਨਾਂ ਵਿੱਚੋਂ 3-4 ਦਾ ਵੀ ਹਾਂ-ਪੱਖੀ ਉੱਤਰ ਹੈ ਤਾਂ ਜ਼ਰੂਰ ਬੱਚੇ ਦੇ ਸੁਣਨ / ਬੋਲਣ ਵਿੱਚ ਕੋਈ ਨੁਕਸ ਹੈ, ਇਸ ਲਈ ਬੱਚੇ ਨੂੰ ਧਿਆਨ ਨਾਲ ਅਸੈਸਮੈਂਟ ਲਈ ਭੇਜਿਆ ਜਾਵੇ ।

## ਸਧਾਰਨ ਕਲਾਸ ਰੂਮ ਵਿੱਚ ਸੁਣਨ / ਬੋਲਣ ਵਾਲੇ ਬੱਚਿਆਂ ਬਾਰੇ ਪ੍ਰਬੰਧ

ਰੈਗੂਲਰ ਸਕੂਲ ਵਿੱਚ ਜਿੱਥੇ ਵੱਖ ਵੱਖ ਲੋੜਾਂ ਵਾਲੇ ਬੱਚੇ ਵੀ ਪੜ੍ਹਦੇ ਹਨ, ਤੁਸੀਂ ਇੱਕ ਅਧਿਆਪਕ ਵਜੋਂ ਹਰੇਕ ਬੱਚੇ ਦੀ ਲੋੜ ਨੂੰ ਮਹਿਸੂਸ ਕਰਦੇ ਹੋ। ਇਸ ਭਾਗ ਵਿੱਚ ਤੁਹਾਨੂੰ ਸੁਣਨ/ਬੋਲਣ ਵਾਲੇ ਬੱਚਿਆਂ ਨੂੰ ਪੜ੍ਹਾਉਣ ਲਈ ਸਧਾਰਨ ਅਗਵਾਈ ਮੁਹੱਈਆ ਕਰਵਾਈ ਜਾਂਦੀ ਹੈ ।

## ਸੁਣਨ/ਬੋਲਣ ਦੀ ਸਮੱਸਿਆ ਵਾਲੇ ਬੱਚਿਆਂ ਨੂੰ ਪੜ੍ਹਾਉਣ ਬਾਰੇ

1. ਇਹ ਯਕੀਨੀ ਬਣਾਓ ਕਿ ਬੱਚਾ ਤੁਹਾਡੇ ਬੁੱਲ੍ਹਾਂ ਨੂੰ ਚੰਗੀ ਤਰ੍ਹਾਂ ਵੇਖ ਸਕਦਾ ਹੋਵੇ ।
2. ਜਦੋਂ ਤੁਸੀਂ ਬੋਲੋ ਤਾਂ ਬੱਚਾ ਤੁਹਾਡੇ ਚਿਹਰੇ ਨੂੰ ਆਰਾਮ ਨਾਲ ਵੇਖ ਸਕਦਾ ਹੋਵੇ ।
3. ਉਸ ਨੂੰ ਅਜਿਹੀ ਥਾਂ ਤੇ ਬਿਠਾਓ ਜਿੱਥੋਂ ਉਹ ਬਲੈਕ ਬੋਰਡ ਨੂੰ ਚੰਗੀ ਤਰ੍ਹਾਂ ਵੇਖ ਸਕਦਾ ਹੋਵੇ ।
4. ਬੋਲਦੇ ਜਾਂ ਪੜ੍ਹਦੇ ਸਮੇਂ ਕਦੇ ਵੀ ਹੱਥਾਂ ਨਾਲ ਆਪਣਾ ਚਿਹਰਾ ਨਾ ਢਕੋ ਅਤੇ ਨਾ ਹੀ ਪਿੱਠ ਘੁੰਮਾਓ।
5. ਖਿੜਕੀ ਵੱਲ ਪਿੱਠ ਕਰਕੇ ਜਮਾਤ ਨੂੰ ਸੰਬੋਧਨ ਨਾ ਕਰੋ। ਇਸ ਨਾਲ ਬਾਹਰੀ ਪ੍ਰਕਾਸ਼ ਨਾਲ ਤੁਹਾਡੇ ਬੁੱਲ੍ਹਾਂ ਤੇ ਛਾਂ ਪੈ ਸਕਦੀ ਹੈ।
6. ਬੱਚੇ ਦੇ ਸਾਹਮਣੇ, ਸਾਫ਼-ਸਪਸ਼ਟ ਅਤੇ ਹੌਲੀ ਬੋਲੋ।
7. ਬੱਚੇ ਦੀ ਪਿੱਠ ਪਿੱਛੋਂ ਉਸ ਨੂੰ ਕੁਝ ਨਾ ਕਹੋ।
8. ਸਰਲ ਅਤੇ ਸਾਫ਼ ਬੋਲੇ ਜਾ ਸਕਣ ਵਾਲੇ ਸ਼ਬਦ ਹੀ ਵਰਤੋ।
9. ਜੋ ਸ਼ਬਦ ਤੁਸੀਂ ਬੋਲ ਰਹੇ ਹੋ ਅਤੇ ਜਿਸ ਵਸਤੂ ਬਾਰੇ ਗੱਲ ਕਰ ਰਹੇ ਹੋ, ਉਹਨਾਂ ਵਿਚਕਾਰ ਸਬੰਧ ਸਥਾਪਤ ਕਰਨ ਦੀ ਕੋਸ਼ਿਸ਼ ਕਰੋ ।



10 ਜੇਕਰ ਬੱਚਾ ਆਪਣੇ ਆਪ ਨੂੰ ਪ੍ਰਗਟਾਉਣ ਲਈ, ਆਪਣੇ ਵੱਖਰੇ ਭਾਵ ਵਰਤਦਾ ਹੈ ਤਾਂ ਉਸ ਨੂੰ ਰੋਕਣਾ ਨਹੀਂ ਚਾਹੀਦਾ।

11 ਸੁਣਨ ਦੀ ਸਮੱਸਿਆ ਵਾਲੇ ਬੱਚੇ ਨਾਲ ਇਸ਼ਾਰਿਆਂ ਦੀ ਭਾਸ਼ਾ ਨਾਲ ਵੀ ਸੰਵਾਦ ਕੀਤਾ ਜਾ ਸਕਦਾ ਹੈ।

12 ਜਿਥੋਂ ਤੱਕ ਸੰਭਵ ਹੋਵੇ ਉਸਨੂੰ ਆਪਣੇ ਨੇੜੇ ਬਿਠਾਓ, ਪਰ ਖੇਡ ਦੇ ਮੈਦਾਨ ਜਾਂ ਪੱਖੇ ਆਦਿ ਤੋਂ ਦੂਰ ਰੱਖੋ। ਬਾਹਰੀ ਆਵਾਜ਼ਾਂ ਰੁਕਾਵਟਾਂ ਪੈਦਾ ਕਰ ਸਕਦੀਆਂ ਹਨ ।


13 ਜ਼ੁਬਾਨੀ ਸਮੱਗਰੀ ਦੀ ਦੁਹਰਾਈ ਕਰਵਾਓ ।

14 ਬੱਚੇ ਨਾਲ ਗੱਲ ਕਰਦੇ ਸਮੇਂ ਆਪਣੇ ਚਿਹਰੇ ਨੂੰ ਜ਼ਿਆਦਾ ਨਾ ਹਿਲਾਓ ।

15 ਜਮਾਤ ਵਿੱਚ ਪੜ੍ਹਦੇ ਸਮੇਂ ਕਿਤਾਬ ਨਾਲ ਆਪਣਾ ਚਿਹਰਾ ਨਾ ਢਕੋ ।

16 ਉਸ ਨੂੰ ਹਮੇਸ਼ਾ ਸੁਣਨ ਵਾਲੀ ਮਸ਼ੀਨ ਵਰਤਣ ਲਈ ਉਤਸ਼ਾਹਿਤ ਕਰੋ ।

17 ਉਸਨੂੰ ਸਧਾਰਨ ਸ਼ਬਦ ਅਤੇ ਸਧਾਰਨ ਵਿਆਕਰਨ ਪੜ੍ਹਾਓ ।



18 ਬੱਚੇ ਨੂੰ ਸਧਾਰਨ ਵਾਕ ਪੜ੍ਹਨ ਲਈ ਦਿਉ।

19 ਨਵੇਂ ਸ਼ਬਦ ਦਾ ਉੱਚਾਰਨ ਕਰਨ ਤੋਂ ਪਹਿਲਾਂ ਉਹਨਾਂ ਨੂੰ ਬਲੈਕ ਬੋਰਡ ਤੇ ਲਿਖਣਾ ਯਾਦ ਰੱਖੋ ।

20 ਬਲੈਕ ਬੋਰਡ ਵੱਲ ਮੂੰਹ ਕਰਕੇ ਬੋਲਣ ਤੋਂ ਗੁਰੇਜ਼ ਕਰੋ ।

21 ਅਜਿਹੇ ਬੱਚਿਆਂ ਨੂੰ ਵੱਧ ਤੋਂ ਵੱਧ ਲਿਖਤੀ ਕੰਮ ਦੇਣਾ ਚਾਹੀਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਸਨੂੰ ਸਭ ਕੁਝ ਸਮਝ ਆ ਰਿਹਾ ਹੈ।

22 ਵਧੇਰੇ ਪ੍ਰਸ਼ਨ ਪੁੱਛ ਕੇ ਬੱਚੇ ਨੂੰ ਪ੍ਰਸ਼ਨ ਪੁੱਛਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ।

23 ਬੱਚੇ ਨੂੰ ਕੇਵਲ ਇੱਕ ਹੀ ਭਾਸ਼ਾ ਸਿਖਾਓ ।

24 ਗਣਿਤ ਦੇ ਸੰਕਲਪਾਂ ਨੂੰ ਸਿੱਧ ਕਰਕੇ ਸਮਝਾਓ। ਉਦਾਹਰਨ ਵਜੋਂ ਜੋੜ ਦਾ ਸੰਕਲਪ ਸਮਝਾਉਂਦੇ ਹੋਏ ਬੱਚੇ ਨੂੰ ਜੋੜ ਤੋਂ ਪਹਿਲਾਂ ਅਤੇ ਜੋੜ ਤੋਂ ਬਾਅਦ ਵਸਤਾਂ ਦੀ ਗਿਣਤੀ ਕਰਾਓ ।

25 ਜਦੋਂ ਵੀ ਬੱਚੇ ਨੂੰ ਕਿਸੇ ਨਵੀਂ ਚੀਜ਼ ਤੋਂ ਜਾਣੂ ਕਰਵਾਉਣਾ ਹੋਵੇ, ਉਸ ਵਸਤੂ ਨੂੰ ਜਾਂ ਉਸਦੇ ਚਿੱਤਰ ਨੂੰ ਆਪਣੇ ਚਿਹਰੇ ਕੋਲ ਰੱਖੋ ਅਤੇ ਇਸ ਦਾ ਨਾਮ ਬੋਲੋ ।

26 ਕਿਸੇ ਵੀ ਵਸਤੂ ਅਤੇ ਉਸ ਦੇ ਨਾਂ ਵਿੱਚ ਸਬੰਧ ਸਥਾਪਿਤ ਕਰਨ ਲਈ ਉਹ ਵਸਤੂ ਬੱਚੇ ਨੂੰ ਵਿਖਾਓ ਅਤੇ ਉਸ ਦਾ ਨਾਮ ਬੋਲੋ। ਉਦਾਹਰਨ ਵਜੋਂ ਜੇ ਸੇਬ ਬਾਰੇ ਗੱਲ ਕੀਤੀ ਜਾਵੇ ਤਾਂ ਬੱਚੇ ਨੂੰ ਸੇਬ ਦਿਖਾ ਕੇ ਸੰਕਲਪ ਸਪਸ਼ਟ ਕੀਤਾ ਜਾ ਸਕਦਾ ਹੈ। ਸੁਣਨ ਦੀ ਸਮੱਸਿਆ ਵਾਲੇ ਬੱਚਿਆਂ ਨੂੰ ਗੂੰਜਦੀ ਆਵਾਜ਼ ਸਮਝਣ ਵਿੱਚ ਮੁਸ਼ਕਲ ਆਉਂਦੀ ਹੈ। ਫਰਸ਼ ਤੇ ਘਾਹ ਬਿਛਾਓ ਅਤੇ ਕੰਧਾਂ ਤੇ ਜੂਟ ਦੀਆਂ ਬੋਰੀਆਂ ਆਦਿ ਲਟਕਾ ਕੇ ਗੂੰਜਦੀ ਆਵਾਜ਼ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

27 ਜਿੰਨਾ ਵੀ ਹੋ ਸਕੇ ਵੇਖਣ ਵਾਲੀ ਸਮੱਗਰੀ, ਨਕਸ਼ੇ ਗਲੋਬ, ਕਾਰਡ, ਚਾਰਟ ਆਦਿ ਦੀ ਵੱਧ ਤੋਂ ਵੱਧ ਵਰਤੋਂ ਹੋਣੀ ਚਾਹੀਦੀ ਹੈ।

28 ਸ਼ਬਦ ਗਿਆਨ ਅਤੇ ਸੰਕਲਪਾਂ ਨੂੰ ਸਮਝਾਉਣ ਲਈ ਬੱਚੇ ਦੇ ਸਾਥੀਆਂ ਦੀ ਮੱਦਦ ਲਈ ਜਾ ਸਕਦੀ ਹੈ।

29 ਵਿਰੋਧੀ ਸ਼ਬਦ, ਸਮਾਨਾਰਥਕ ਸ਼ਬਦ, ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ, ਇੱਕੋ ਸ਼ਬਦ ਦੇ ਵਧੇਰੇ ਅਰਥਾਂ ਵਾਲੇ ਸ਼ਬਦ ਆਦਿ ਨੂੰ ਸਮਝਾਉਣ ਲਈ ਫਲੈਸ਼ ਕਾਰਡਾਂ ਦੀ ਮੱਦਦ ਲਈ ਜਾ ਸਕਦੀ ਹੈ।

30 ਜਦੋਂ ਤੱਕ ਬੱਚਾ ਆਪਣੇ ਆਪ ਨੂੰ ਪ੍ਰਗਟਾਉਂਦਾ ਨਹੀਂ ਉਦੋਂ ਤੱਕ ਸਬਰ ਨਾਲ ਇੰਤਜ਼ਾਰ ਕਰੋ ।

31 ਜੇਕਰ ਬੱਚੇ ਦੇ ਕੰਨ ਵਿੱਚੋਂ ਕਿਸੇ ਕਿਸਮ ਦਾ ਤਰਲ ਪਦਾਰਥ ਵਗਦਾ ਹੈ ਤਾਂ ਉਸ ਨੂੰ ਨੇੜੇ ਦੇ ਸਿਹਤ ਕੇਂਦਰ ਵਿੱਚ ਦਿਖਾਓ ।

32 ਦੂਸਰੇ ਬੱਚਿਆਂ ਨੂੰ ਅਜਿਹੇ ਬੱਚੇ ਨਾਲ ਮਿੱਤਰਤਾ-ਪੂਰਨ ਰਵੱਈਆ ਅਖਤਿਆਰ ਕਰਨ ਲਈ ਤਿਆਰ ਕਰੋ।

33 ਅਜਿਹੇ ਬੱਚੇ ਦੇ ਸਾਥੀਆਂ ਨੂੰ ਬੱਚੇ ਦੀ ਪਿੱਠ ਪਿੱਛੇ ਬੋਲਣ ਤੋਂ ਰੋਕਿਆ ਜਾਵੇ।

34 ਅਜਿਹੇ ਬੱਚੇ ਨੂੰ ਖੇਡਾਂ, ਡਰਾਮੇ, ਪ੍ਰਾਰਥਨਾ ਅਤੇ ਸੰਗੀਤ ਵਿੱਚ ਭਾਗ ਲੈਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ।

## ਸੁਣਨ ਵਾਲੀ ਸਹਾਇਤਾ ਸਮੱਗਰੀ :













## ਸੁਣਨ ਵਾਲੀ ਸਹਾਇਤਾ ਸਮੱਗਰੀ ਦੀ ਵਰਤੋਂ ਅਤੇ ਸਾਂਭ-ਸੰਭਾਲ

ਕੰਨਾਂ ਵਿੱਚ ਬਹੁਤ ਹੀ ਜ਼ਿਆਦਾ ਵਿਗਾੜ ਵਾਲੇ ਬੱਚੇ ਸੁਣਨ ਵਾਲੀ ਸਹਾਇਤਾ ਸਮੱਗਰੀ ਤੋਂ ਲਾਭ ਲੈ ਸਕਦੇ ਹਨ। ਜਿੱਥੇ ਨਾੜੀਆਂ ਜੋ ਆਵਾਜ਼ ਨੂੰ ਦਿਮਾਗ ਤੱਕ ਲੈ ਕੇ ਜਾਂਦੀਆਂ ਹਨ, ਵਿੱਚ ਵਿਗਾੜ ਹੋਵੇ ਉੱਥੇ ਸੁਣਨ ਵਾਲੀ ਸਹਾਇਤਾ ਸਮੱਗਰੀ ਚੰਗੀ ਤਰ੍ਹਾਂ ਕੰਮ ਨਹੀਂ ਕਰ ਸਕਦੀ। ਸੁਣਨ ਵਾਲੀ ਸਹਾਇਤਾ ਸਮੱਗਰੀ ਆਵਾਜ਼ ਨੂੰ ਚੁੱਕ ਕੇ ਉੱਚੀ ਕਰਦੀ ਹੈ ਇਹ ਜ਼ਰੂਰੀ ਨਹੀਂ ਕਿ ਉਸਨੂੰ ਸਾਫ਼ ਵੀ ਕਰੇ। ਸੁਣਨ ਵਾਲੀ ਸਹਾਇਤਾ ਸਮੱਗਰੀ ਘੱਟ ਸੁਣਨ ਵਾਲੇ ਬੱਚਿਆਂ ਦੀ ਮੱਦਦ ਕਰ ਸਕਦੀ ਹੈ। ਸ਼ੁਰੂ ਵਿੱਚ ਇਸ ਨੂੰ ਥੋੜ੍ਹੇ- ਥੋੜ੍ਹੇ ਸਮੇਂ ਲਈ ਵਰਤਣਾ ਚਾਹੀਦਾ ਹੈ। ਫਿਰ ਹੌਲੀ-ਹੌਲੀ ਇਸ ਦਾ ਸਮਾਂ ਵਧਾ ਕੇ ਪੂਰਾ ਕਰ ਦਿਓ, ਪਰ ਨਹਾਉਂਦੇ ਅਤੇ ਸੌਂਦੇ ਸਮੇਂ ਇਸ ਨੂੰ ਨਾ ਵਰਤੋ। ਸੁਣਨ ਵਾਲੀ ਸਹਾਇਤਾ ਸਮੱਗਰੀ ਨਾਜ਼ੁਕ, ਨਰਮ ਅਤੇ ਮਹਿੰਗੀ

ਵਸਤੂ ਹੈ। ਇਸ ਦੀ ਵਰਤੋਂ ਧਿਆਨ ਨਾਲ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਨਾਲ ਇਹ ਵਧੀਆ ਸੁਣਨ ਲਈ ਜ਼ਿਆਦਾ ਸਮੇਂ ਲਈ ਵਰਤੀ ਜਾ ਸਕਦੀ ਹੈ।

ਅਧਿਆਪਕ ਅਤੇ ਦੂਸਰੇ ਵਿਦਿਆਰਥੀਆਂ ਲਈ ਸੁਣਨ ਵਾਲੀ ਸਹਾਇਤਾ ਸਮੱਗਰੀ ਦੀ ਦੇਖਭਾਲ ਦੇ ਕੁਝ ਢੰਗ ਇਸ ਤਰ੍ਹਾਂ ਹਨ:-

1 ਇਹ ਦੇਖੋ ਕਿ ਆਵਾਜ਼ ਵਾਲਾ ਬਟਨ ਚਾਲੂ ਕੀਤਾ ਹੈ ਜਾਂ ਨਹੀਂ?

2 ਜੇਕਰ ਕੋਈ ਆਵਾਜ਼ ਨਾ ਹੋਵੇ ਤਾਂ ਬੈਟਰੀ ਬਦਲਣ ਤੋਂ ਪਹਿਲਾਂ ਆਨ-ਆਫ ਸਵਿਚ ਦੇਖੋ ।

3 ਜੇਕਰ ਬੱਚੇ ਨੂੰ ਸੁਣਨ ਵਾਲੀ ਸਹਾਇਤਾ ਸਮੱਗਰੀ ਨਾਲ ਸੁਣਨ ਵਿੱਚ ਮੁਸ਼ਕਲ ਆਉਂਦੀ ਹੋਵੇ ਤਾਂ ਇਹ ਕੰਨਾਂ ਦੀ ਉੱਲੀ ਕਰਕੇ ਹੋ ਸਕਦਾ ਹੈ। ਅਜਿਹੇ ਬੱਚੇ ਨੂੰ ਡਾਕਟਰ ਕੋਲ ਚੈਕ ਕਰਵਾਓ ।

4 ਆਮ ਤੌਰ ਤੇ ਕੰਨਾਂ ਵਾਲੀ ਸਹਾਇਤਾ ਸਮੱਗਰੀ ਦੀ ਬੈਟਰੀ ਘੱਟ ਜਾਂਦੀ ਹੈ, ਜੇਕਰ ਬੱਚਾ ਕਿਸੇ ਖਾਸ ਦਿਨ ਸੁਣਨ ਵਿੱਚ ਤਕਲੀਫ਼ ਮਹਿਸੂਸ ਕਰੇ ਤਾਂ ਕੰਨਾਂ ਵਾਲੀ ਸਹਾਇਤਾ ਸਮੱਗਰੀ ਦੀ ਸਭ ਤੋਂ ਪਹਿਲਾਂ ਬੈਟਰੀ ਚੈਕ ਕਰੋ ਅਤੇ ਜੇ ਉਹ ਖਰਾਬ ਹੋਵੇ ਤਾਂ ਬਦਲ ਦਿਉ ।

5 ਕੰਨਾਂ ਵਾਲੀ ਸਹਾਇਤਾ ਸਮੱਗਰੀ (ਸੁਣਨ ਵਾਲੀ ਮਸ਼ੀਨ) ਦੇ ਬਾਰੇ ਦੂਸਰੇ ਬੱਚਿਆਂ ਨੂੰ ਸਮਝਾਓ ਅਤੇ ਦੱਸੋ ਕਿ ਇਸ ਦੀਆਂ ਤਾਰਾਂ ਜਾਂ ਮਸ਼ੀਨ ਨੂੰ ਕੰਨਾਂ ਵਿੱਚੋਂ ਨਾ ਖਿੱਚਣ ।


Aa
Bb
Cc
Dd
Ee
Ff
Gg
Hh
Ii
Jj
Kk
Ll
Mm
Nn
Oo
Pp
Qq
Rr
Ss
Tt
Uu
Vv
Ww
Xx
Yy
Z
Zz

# ਪਾਠ-4
# ਤੁਰਨ-ਫਿਰਨ ਵਿੱਚ ਸਮੱਸਿਆ (ਹੱਡੀਆਂ ਸਬੰਧੀ ਨੁਕਸ) (ਲੋਕੋ-ਮੋਟਰ ਇਮਪੇਅਰਮੈਂਟ)

ਬੱਚੇ ਨੂੰ ਤੁਰਨ–ਫਿਰਨ ਵਿੱਚ ਹੱਡੀਆਂ, ਜੋੜਾਂ ਜਾਂ ਪੱਠਿਆਂ ਦੀ ਸਮੱਸਿਆ ਕਾਰਨ ਮੁਸ਼ਕਲ ਆਉਂਦੀ ਹੈ।

## ਤੁਰਨ-ਫਿਰਨ ਵਿੱਚ ਸਮੱਸਿਆ ਵਾਲੇ ਬੱਚਿਆਂ ਦੀ ਪਛਾਣ

ਇੱਕ ਅਧਿਆਪਕ ਦੇ ਤੌਰ ਤੇ, ਤੁਹਾਡੇ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਤੁਹਾਡੇ ਕਲਾਸ ਰੂਮ ਵਿੱਚ ਬੱਚਿਆਂ ਨੂੰ ਕਿਹੜੀਆਂ–ਕਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਿਹੇ ਬੱਚਿਆਂ ਦੀ ਪਛਾਣ ਕਰਨੀ ਜ਼ਰੂਰੀ ਹੈ। ਇਸ ਲਈ ਤੁਰਨ–ਫਿਰਨ ਵਿੱਚ ਸਮੱਸਿਆ ਵਾਲੇ ਬੱਚਿਆਂ ਨੂੰ ਪਛਾਣਨ ਲਈ ਇੱਕ ਸਧਾਰਣ ਚੈਕ–ਲਿਸਟ ਅੱਗੇ ਦਿੱਤੀ ਗਈ ਹੈ ਜੋ ਤੁਹਾਡੀ ਸਹਾਇਤਾ ਕਰੇਗੀ ।

## ਤੁਰਨ-ਫਿਰਨ ਵਾਲੇ ਬੱਚਿਆਂ ਨੂੰ ਚੈੱਕ ਕਰਨ ਲਈ ਚੈੱਕ ਲਿਸਟ

| ਲੜੀ ਨੰ: | ਹੱਡੀਆਂ ਸਬੰਧੀ ਨੁਕਸ (ਲੋਕੋ-ਮੋਟਰ ਇਮਪੇਅਰਮੈਂਟ) | ਹਾਂ | ਨਹੀਂ |
|---|---|---|---|
| 1 | ਕੀ ਬੱਚੇ ਨੂੰ ਚੱਲਣ–ਫਿਰਨ ਵੇਲੇ ਸਰੀਰ ਦੇ ਕਿਸੇ ਅੰਗ ਨੂੰ ਵਰਤਣ ਵਿੱਚ ਮੁਸ਼ਕਲ ਆਉਂਦੀ ਹੈ? | | |
| 2 | ਕੀ ਬੱਚੇ ਦੇ ਸਰੀਰ ਦਾ ਕੋਈ ਹਿੱਸਾ ਅਧੂਰਾ ਹੈ? | | |
| 3 | ਕੀ ਬੱਚੇ ਨੂੰ ਆਪਣਾ ਹੱਥ ਹਿਲਾਉਣ ਵਿੱਚ ਮੁਸ਼ਕਲ ਮਹਿਸੂਸ ਹੁੰਦੀ ਹੈ? | | |
| 4 | ਕੀ ਬੱਚਾ ਲੜਖੜਾ ਕੇ ਚਲਦਾ ਹੈ? | | |
| 5 | ਕੀ ਬੱਚਾ ਤੁਰਨ ਵੇਲੇ ਸੋਟੀ ਦੀ ਵਰਤੋਂ ਕਰਦਾ ਹੈ? | | |
| 6 | ਕੀ ਬੱਚੇ ਦਾ ਸਰੀਰਿਕ ਤਾਲਮੇਲ ਘੱਟ ਹੈ? | | |
| 7 | ਕੀ ਬੱਚੇ ਦਾ ਆਪਣੇ ਅੰਗਾਂ ਤੇ ਕੰਟਰੋਲ ਨਹੀਂ ਹੈ? (ਕੀ ਹੱਥ–ਪੈਰ ਆਪਣੇ ਆਪ ਹਿਲਦੇ ਰਹਿੰਦੇ ਹਨ) | | |

ਨੋਟ: ਜੇਕਰ ਉੱਪਰ ਦਿੱਤੇ ਪ੍ਰਸ਼ਨ ਹਾਂ–ਪੱਖੀ ਹਨ ਤਾਂ ਬੱਚੇ ਨੂੰ ਧਿਆਨ ਨਾਲ ਅਸੈਸਮੈਂਟ ਲਈ ਭੇਜਿਆ ਜਾਵੇ।

## ਸਧਾਰਨ ਕਲਾਸ ਰੂਮ ਵਿੱਚ ਚੱਲਣ ਫਿਰਨ ਦੇ ਵਿਗਾੜ ਵਾਲੇ ਬੱਚਿਆਂ ਬਾਰੇ ਪ੍ਰਬੰਧ

ਰੈਗੂਲਰ ਸਕੂਲ ਵਿੱਚ ਜਿੱਥੇ ਵੱਖ-2 ਲੋੜਾਂ ਵਾਲੇ ਬੱਚੇ ਵੀ ਪੜ੍ਹਦੇ ਹਨ, ਤੁਸੀਂ ਇੱਕ ਅਧਿਆਪਕ ਵਜੋਂ ਹਰੇਕ ਬੱਚੇ ਦੀ ਲੋੜ ਨੂੰ ਮਹਿਸੂਸ ਕਰਦੇ ਹੋ। ਇਸ ਭਾਗ ਵਿੱਚ ਤੁਹਾਨੂੰ ਚੱਲਣ ਫਿਰਨ ਦੇ ਵਿਗਾੜ ਵਾਲੇ ਬੱਚਿਆਂ ਨੂੰ ਪੜ੍ਹਾਉਣ ਲਈ ਕੁਝ ਸਧਾਰਨ ਅਗਵਾਈ ਮੁਹੱਈਆ ਕਰਵਾਈ ਜਾਂਦੀ ਹੈ।

## ਚੱਲਣ ਫਿਰਨ ਦੇ ਵਿਗਾੜ ਵਾਲੇ ਬੱਚਿਆਂ ਨੂੰ ਪੜ੍ਹਾਉਣਾ:

ਚੱਲਣ ਫਿਰਨ ਵਾਲੇ ਬੱਚਿਆਂ ਨੂੰ ਕਿਸੇ ਖਾਸ ਤਰ੍ਹਾਂ ਦੀ ਪੜ੍ਹਾਈ ਦੀ ਲੋੜ ਨਹੀਂ ਹੁੰਦੀ, ਪਰ ਉਨ੍ਹਾਂ ਨੂੰ ਆਪਣੇ ਅਧੂਰੇ ਪਏ ਕੰਮਾਂ ਲਈ ਟਰੇਨਿੰਗ ਦੀ ਲੋੜ ਹੁੰਦੀ ਹੈ। ਜੇਕਰ ਉਨ੍ਹਾਂ ਨੂੰ ਟਰੇਨਿੰਗ ਦੇ ਦਿੱਤੀ ਜਾਵੇ ਤਾਂ ਉਹ ਸਕੂਲ ਜਾ ਸਕਦੇ ਹਨ। ਚੱਲਣ ਫਿਰਨ ਦੇ ਵਿਗਾੜ ਵਾਲੇ ਬੱਚਿਆਂ ਨੂੰ ਆਮ ਤੌਰ ਤੇ ਇਕ ਖਾਸ ਕਿਸਮ ਦੀ ਸਹਾਇਤਾ ਸਮੱਗਰੀ ਦੀ ਲੋੜ ਹੁੰਦੀ ਹੈ ਜੋ ਉਨ੍ਹਾਂ ਦੀ ਸਕੂਲ ਤੱਕ ਪਹੁੰਚ ਨੂੰ ਸੌਖਾ ਅਤੇ ਵਧੀਆ ਬਣਾਉਂਦੀ ਹੈ।

## ਚੱਲਣ ਫਿਰਨ ਦੇ ਵਿਗਾੜ ਵਾਲੇ ਬੱਚਿਆਂ ਲਈ ਕੁਝ ਸਹਾਇਤਾ ਸਮੱਗਰੀ ਇਸ ਤਰ੍ਹਾਂ ਹੈ

ਬੈਸਾਖੀ ਜਾਂ ਫੌੜ੍ਹੀ (Crutches)



ਇਹ ਆਮ ਤੌਰ ਤੇ ਕਮਜ਼ੋਰ ਲੱਤਾਂ ਵਾਲਿਆਂ ਬੱਚਿਆਂ ਵੱਲੋਂ ਵਰਤੀਆਂ ਜਾਂਦੀਆਂ ਹਨ । ਇਹ ਉਨ੍ਹਾਂ ਦੇ ਮੋਢਿਆਂ ਦੇ ਥੱਲੇ ਰੱਖਣ ਤੋਂ ਬਾਅਦ ਤੁਰਨ ਵਿੱਚ ਸਹਾਇਤਾ ਕਰਦੀਆਂ ਹਨ ।

## Braces (ਬਰੇਸਜ਼) :-

ਇਹ ਧਾਤ ਜਾਂ ਪਲਾਸਟਿਕ ਦੀ ਰੱਸੀ ਹੈ ਜੋ ਕਮਜ਼ੋਰ ਮਾਸਪੇਸ਼ੀਆਂ ਨੂੰ ਸਹਾਇਤਾ ਦਿੰਦੀ ਹੈ।

## Calipers (ਕੈਲੀਪਰਜ) :

ਇਹ ਬੂਟਾਂ ਨਾਲ ਵਰਤਣ ਵਾਲੀ ਇੱਕ ਸਹਾਇਤਾ ਸਮੱਗਰੀ ਹੈ, ਇਹ ਕਮਜ਼ੋਰ ਲੱਤਾਂ ਨੂੰ ਸਹਾਰਾ ਪ੍ਰਦਾਨ ਕਰਦੀ ਹੈ।



## Special Shoes - (ਸਪੈਸ਼ਲ ਸ਼ੂਜ਼) :

ਇਹ ਉਸ ਸਮੇਂ ਵਰਤੇ ਜਾਂਦੇ ਹਨ, ਜਦੋਂ ਪੈਰਾਂ ਦੀ ਸ਼ਕਲ ਵਿੱਚ ਵਿਗਾੜ ਆ ਜਾਵੇ । ਜਦੋਂ ਲੱਤਾਂ ਵੱਖ-ਵੱਖ ਲੰਬਾਈ ਦੀਆਂ ਹੋਣ ਤਾਂ ਇਹ ਉਸ ਸਮੇਂ ਵੀ ਲਾਭਦਾਇਕ ਸਾਬਤ ਹੁੰਦੇ ਹਨ । ਇੱਕ ਖਾਸ ਕਿਸਮ ਦੀ ਬੂਟ ਦੀ ਅੱਡੀ ਨਾਲ ਛੋਟੇ ਆਕਾਰ ਦੀ ਲੱਤ ਨੂੰ ਵੀ ਬਰਾਬਰ ਕੀਤਾ ਜਾ ਸਕਦਾ ਹੈ।

## Artificial Limbs - (ਆਰਟਿਫੀਸ਼ਲ ਲਿੰਬਜ਼) :

ਜਦੋਂ ਕੋਈ ਅੰਗ ਕੱਟਿਆ ਗਿਆ ਹੋਵੇ ਤਾਂ ਉਸ ਸਮੇਂ ਇਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ, ਜਿਵੇਂ ਕਿ ਲੱਤਾਂ, ਬਾਹਾਂ ਅਤੇ ਹੱਥ ਆਦਿ।







## Splints (ਫੱਟੀ ਬੰਨ੍ਹਣਾ) :

ਇਹ ਕਮਜ਼ੋਰ ਮਾਸਪੇਸ਼ੀਆਂ ਨੂੰ ਸਹਾਇਤਾ ਦੇਣ ਲਈ ਵਰਤੀਆਂ ਜਾਂਦੀਆਂ ਹਨ ।

## Wheel-Chair - (ਵ੍ਹੀਲ ਚੇਅਰ) :

ਜਿਨ੍ਹਾਂ ਬੱਚਿਆਂ ਦੀਆਂ ਲੱਤਾਂ ਪੋਲੀਓ ਜਾਂ ਕਿਸੇ ਹੋਰ ਕਾਰਨ ਕਮਜ਼ੋਰ ਹੋ ਗਈਆਂ ਹੋਣ, ਉਥੇ ਇਸ ਦੀ ਵਰਤੋਂ ਕੀਤੀ ਜਾਂਦੀ ਹੈ।

**ਟਰਾਈ ਸਾਈਕਲ:** ਜਿਨ੍ਹਾਂ ਬੱਚਿਆਂ ਦੀਆਂ ਲੱਤਾਂ ਪੋਲੀਓ ਜਾਂ ਕਿਸੇ ਹੋਰ ਕਾਰਨ ਕਮਜ਼ੋਰ ਹੋ ਗਈਆਂ ਹੋਣ ਅਤੇ ਹੱਥ ਪੂਰੀ ਤਰ੍ਹਾਂ ਕੰਮ ਕਰਦੇ ਹੋਣ, ਉੱਥੇ ਇਸ ਦੀ ਵਰਤੋਂ ਕੀਤੀ ਜਾਂਦੀ ਹੈ।


**ਸਟਿਕ:-** ਇਹ ਇਕ ਤਰ੍ਹਾਂ ਦੀ ਸੋਟੀ ਜਾਂ ਖੂੰਡੀ ਹੀ ਹੁੰਦੀ ਹੈ, ਜਿਸ ਦੇ ਸਹਾਰੇ ਨਾਲ ਚੱਲਣ ਫਿਰਨ ਦੇ ਵਿਗਾੜ ਵਾਲੇ ਚੱਲ ਫਿਰ ਸਕਦੇ ਹਨ ।

## ਚੱਲਣ-ਫਿਰਨ ਦੇ ਵਿਗਾੜ ਵਾਲੇ ਬੱਚਿਆਂ ਨੂੰ ਪੜ੍ਹਾਉਣ ਦੇ ਢੰਗ:

ਚੱਲਣ–ਫਿਰਨ ਦੇ ਵਿਗਾੜ ਵਾਲੇ ਬੱਚਿਆਂ ਨਾਲ ਵਿਚਰਦੇ ਹੋਏ ਸਭ ਤੋਂ ਜ਼ਿਆਦਾ ਯਾਦ ਰੱਖਣ ਯੋਗ ਗੱਲ ਇਹ ਹੈ ਕਿ ਇਨ੍ਹਾਂ ਬੱਚਿਆਂ ਦੀਆਂ ਮਾਸਪੇਸ਼ੀਆਂ ਵਿੱਚ ਤੁਰਦੇ ਅਤੇ ਬੈਠਦੇ ਸਮੇਂ ਬਹੁਤ ਜ਼ਿਆਦਾ ਦਰਦ ਹੁੰਦਾ ਹੈ। ਪਰ ਜਿਵੇਂ ਕਿ ਪਹਿਲਾਂ ਵੀ ਉੱਪਰ ਦੱਸਿਆ ਜਾ ਚੁੱਕਾ ਹੈ ਕਿ ਇਨ੍ਹਾਂ ਬੱਚਿਆਂ ਨੂੰ ਪੜ੍ਹਾਈ ਦੀ ਕਿਸੇ ਖਾਸ ਤਕਨੀਕ ਦੀ ਜ਼ਰੂਰਤ ਨਹੀਂ ਹੁੰਦੀ, ਪਰ ਫਿਰ ਵੀ ਹੇਠ ਲਿਖੀਆਂ ਗੱਲਾਂ ਲਾਭਦਾਇਕ ਸਿੱਧ ਹੋ ਸਕਦੀਆਂ ਹਨ।

1 ਸਭ ਤੋਂ ਪਹਿਲਾਂ ਕਮਰੇ ਨਾਲ ਸਬੰਧਤ ਮੁਸ਼ਕਲਾਂ ਨੂੰ ਦੂਰ ਕਰੋ ਅਤੇ ਇਹ ਯਕੀਨੀ ਬਣਾਓ ਕਿ ਬੱਚੇ ਦੇ ਬੈਠਣ ਦੀ ਸੀਟ ਅਰਾਮਦਾਇਕ ਹੋਵੇ।

2 ਜੇਕਰ ਕੋਈ ਬੱਚਾ ਵ੍ਹੀਲ–ਚੇਅਰ ਦੀ ਵਰਤੋਂ ਕਰ ਰਿਹਾ ਹੈ ਤਾਂ ਕਮਰੇ ਦਾ ਦਰਵਾਜ਼ਾ ਐਨਾ ਵੱਡਾ ਹੋਣਾ ਚਾਹੀਦਾ ਹੈ ਕਿ ਵ੍ਹੀਲ–ਚੇਅਰ ਸਮੇਤ ਬੱਚੇ ਨੂੰ ਅੰਦਰ ਆਉਣ ਜਾਂ ਬਾਹਰ ਜਾਣ ਵਿੱਚ ਕੋਈ ਮੁਸ਼ਕਲ ਨਾ ਆਵੇ।



3 ਬੱਚਾ ਬਲੈਕ ਬੋਰਡ ਤੱਕ ਵ੍ਹੀਲ–ਚੇਅਰ ਸਮੇਤ ਅਸਾਨੀ ਨਾਲ ਆ ਸਕਦਾ ਹੋਵੇ। ਸਾਰਾ ਸਮਾਨ ਆਸਾਨੀ ਨਾਲ ਉਸਦੀ ਪਹੁੰਚ ਵਿੱਚ ਹੋਣਾ ਚਾਹੀਦਾ ਹੈ।

4 ਜਿਥੋਂ ਤੱਕ ਹੋ ਸਕੇ ਕਲਾਸ ਦਾ ਕਮਰਾ ਗਰਾਊਂਡ ਫਲੋਰ ਤੇ ਹੀ ਹੋਣਾ ਚਾਹੀਦਾ ਹੈ।

5 ਵ੍ਹੀਲ–ਚੇਅਰ ਵਾਲੇ ਬੱਚਿਆਂ ਲਈ ਹਰ ਉੱਚੀ ਜਗ੍ਹਾ ਤੇ ਜਾਣ ਲਈ ਰੈਂਪ ਹੋਣਾ ਚਾਹੀਦਾ ਹੈ। ਇਹ ਆਮ ਉਪਲੱਬਧ ਸਮਾਨ ਨਾਲ ਹੀ ਬਣਾਇਆ ਜਾ ਸਕਦਾ ਹੈ।

6 ਜੇਕਰ ਹੋ ਸਕੇ ਤਾਂ ਅਜਿਹੇ ਬੱਚਿਆਂ ਦੇ ਬੈਠਣ ਲਈ ਕਮਰੇ ਦਾ ਇਕ ਪਾਸਾ ਹੋਣਾ ਚਾਹੀਦਾ ਹੈ ਤਾਂ ਕਿ ਇਨ੍ਹਾਂ ਬੱਚਿਆਂ ਨੂੰ ਹਿੱਲ ਜੁਲ ਕਰਨ ਲਈ ਵੱਧ ਥਾਂ ਮਿਲ ਸਕੇ।

7 ਜੇਕਰ ਕਿਸੇ ਬੱਚੇ ਦੇ ਹੱਥ ਪ੍ਰਭਾਵਿਤ ਹੋਏ ਹੋਣ ਤਾਂ ਉਸਨੂੰ ਮੋਟਾ ਪੈੱਨ ਜਾਂ ਲਿਖਣ ਲਈ ਲੇਖਕ ਵੀ ਦਿੱਤਾ ਜਾ ਸਕਦਾ ਹੈ ਜਾਂ ਦੂਸਰੇ ਬੱਚਿਆਂ ਤੋਂ ਲਿਖਵਾਇਆ ਜਾ ਸਕਦਾ ਹੈ। ਪ੍ਰੀਖਿਆ ਦੇ ਸਮੇਂ ਇਹ ਜ਼ਰੂਰੀ ਹੈ ਕਿ ਉਸਨੂੰ ਖਾਸ ਲਿਖਣ ਦੀ ਸਮੱਗਰੀ ਦਿੱਤੀ ਜਾਵੇ।

8 ਇੱਕ ਅਧਿਆਪਕ ਹੋਣ ਦੇ ਨਾਤੇ ਤੁਹਾਨੂੰ ਇਨ੍ਹਾਂ ਦੀ ਪ੍ਰਸ਼ੰਸਾ ਕਰਨੀ ਚਾਹੀਦੀ ਹੈ ਕਿਉਂਕਿ ਇਹ ਜ਼ਿਆਦਾ ਵਿਆਕੁਲ ਅਤੇ ਨਿਰਾਸ਼ ਹੁੰਦੇ ਹਨ ।


9 ਇਸ ਤਰ੍ਹਾਂ ਦੇ ਬੱਚਿਆਂ ਦਾ ਸਮਾਨ ਡੈਸਕ ਤੱਕ ਲਿਆਉਣ ਲਈ ਉਸਦੇ ਦੋਸਤ ਜਾਂ ਹਾਣੀ ਨੂੰ ਲਗਾਇਆ ਜਾ ਸਕਦਾ ਹੈ।

10 ਬੱਚੇ ਨੂੰ ਆਪਣਾ ਘਰ ਦਾ ਕੰਮ ਕਰਨ ਲਈ ਵੱਧ ਸਮਾਂ ਦਿਉ ।

11 ਜਿਸ ਬੱਚੇ ਦੇ ਹੱਥ ਪ੍ਰਭਾਵਿਤ ਹੋਏ ਹੋਣ ਤਾਂ ਉਸਨੂੰ ਘਰ ਦਾ ਕੰਮ ਘੱਟ ਦਿਉ।

12 ਜੇਕਰ ਕਿਸੇ ਬੱਚੇ ਦਾ ਇੱਕ ਹੱਥ ਖਰਾਬ ਹੋ ਗਿਆ ਹੋਵੇ ਤਾਂ ਉਸਨੂੰ ਦੂਸਰੇ ਹੱਥ ਦੀ ਵਰਤੋਂ ਕਰਵਾ ਕੇ ਕੰਮ ਕਰਵਾਇਆ ਜਾ ਸਕਦਾ ਹੈ।

13 ਪ੍ਰਭਾਵਿਤ ਬੱਚੇ ਦੇ ਜਮਾਤੀਆਂ ਨੂੰ ਇਹ ਸਮਝਾਓ ਕਿ ਕੋਈ ਇਸ ਨੂੰ ਧੱਕਾ ਜਾਂ ਕੋਈ ਹੋਰ ਕਿਸਮ ਦਾ ਨੁਕਸਾਨ ਨਾ ਪਹੁੰਚਾਵੇ। ਉਦਾਹਰਨ ਦੇ ਤੌਰ ਤੇ ਉਸਦੀ ਵ੍ਹੀਲ-ਚੇਅਰ ਨੂੰ ਰੈਂਪ ਜਾਂ ਢਲਾਨ ਤੇ ਜ਼ਿਆਦਾ ਧੱਕਾ ਨਾ ਮਾਰੋ।



14 ਉਸ ਦਾ ਕਲਾਸ ਵਿੱਚ ਆਪਣੇ ਹਾਣੀਆਂ ਨਾਲ ਤਾਲਮੇਲ ਬਹੁਤ ਹੀ ਮਹੱਤਵਪੂਰਨ ਹੈ। ਇਸ ਲਈ ਅਧਿਆਪਕ ਨੂੰ ਇਹ ਚਾਹੀਦਾ ਹੈ ਕਿ ਉਹ ਦੂਸਰੇ ਬੱਚਿਆਂ ਨੂੰ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੇ ਨੋਟਸ ਤਿਆਰ ਕਰਨ ਅਤੇ ਪੇਪਰਾਂ ਦੀ ਤਿਆਰੀ ਆਦਿ ਕਰਨ ਵਿੱਚ ਉਹਨਾਂ ਦੀ ਮੱਦਦ ਕਰਨ ਲਈ ਸਮਝਾਵੇ।

15 ਦੂਸਰੇ ਬੱਚਿਆਂ ਨੂੰ ਇਹ ਸਮਝਾਓ ਕਿ ਜੇਕਰ ਵਿਸ਼ੇਸ਼ ਲੋੜਾਂ ਵਾਲਾ ਬੱਚਾ ਕਿਸੇ ਅਲੱਗ ਤਰੀਕੇ ਨਾਲ ਤੁਰ ਰਿਹਾ ਹੈ ਤਾਂ ਉਸ ਵੱਲ ਜ਼ਿਆਦਾ ਧਿਆਨ ਨਾ ਦਿੱਤਾ ਜਾਵੇ ।

16 ਜੇਕਰ ਕੋਈ ਵਿਸ਼ੇਸ਼ ਲੋੜਾਂ ਵਾਲਾ ਬੱਚਾ ਇੱਕਲਾ ਸਕੂਲ ਨਹੀਂ ਆ ਸਕਦਾ ਤਾਂ ਪੇਂਡੂ/ਵਾਰਡ ਸਿੱਖਿਆ ਵਿਕਾਸ ਕਮੇਟੀ, ਸਕੂਲ ਪ੍ਰਬੰਧਕ ਕਮੇਟੀ, ਮਾਪੇ-ਅਧਿਆਪਕ ਸੰਸਥਾ ਅਤੇ ਮਾਤਾ-ਅਧਿਆਪਕ ਸੰਸਥਾ ਆਦਿ ਨੂੰ ਅਜਿਹੇ ਬੱਚਿਆਂ ਨੂੰ ਸਕੂਲ ਤੱਕ ਭੇਜਣ ਦਾ ਪ੍ਰਬੰਧ ਕਰ ਦੇਣਾ ਚਾਹੀਦਾ ਹੈ।

# ਪਾਠ-5
# ਮੰਦਬੁੱਧੀ ਬੱਚਿਆਂ ਲਈ

ਬੱਚਾ, ਜਿਸ ਦਾ ਮਾਨਸਿਕ ਵਿਕਾਸ ਨਾਰਮਲ ਬੱਚੇ ਦੇ ਮਾਨਸਿਕ ਵਿਕਾਸ ਤੋਂ ਕੁਝ ਘੱਟ ਹੋਇਆ ਹੋਵੇ ਜਿਸ ਕਾਰਨ ਉਸ ਦਾ ਸਮਾਜਿਕ ਵਿਹਾਰ ਠੀਕ ਨਹੀਂ ਹੁੰਦਾ, ਮੰਦਬੁੱਧੀ ਬੱਚਿਆਂ ਦੀ ਸ਼੍ਰੇਣੀ ਵਿਚ ਆਉਂਦਾ ਹੈ।

## ਮੰਦਬੁੱਧੀ ਵਾਲੇ ਬੱਚਿਆਂ ਦੀ ਪਛਾਣ

ਇੱਕ ਅਧਿਆਪਕ ਦੇ ਤੌਰ ਤੇ, ਤੁਹਾਡੇ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਤੁਹਾਡੇ ਕਲਾਸ ਰੂਮ ਵਿੱਚ ਬੱਚਿਆਂ ਨੂੰ ਕਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਿਹੇ ਬੱਚਿਆਂ ਦੀ ਪਛਾਣ ਕਰਨੀ ਜ਼ਰੂਰੀ ਹੈ। ਇਸ ਲਈ ਮਾਨਸਿਕ ਸਮੱਸਿਆ ਵਾਲੇ ਬੱਚਿਆਂ ਨੂੰ ਪਛਾਣਨ ਲਈ ਇੱਕ ਸਧਾਰਨ ਚੈਕ ਲਿਸਟ ਅੱਗੇ ਦਿੱਤੀ ਗਈ ਹੈ ਜੋ ਤੁਹਾਡੀ ਸਹਾਇਤਾ ਕਰੇਗੀ।

**ਨੋਟ:- ਜਦੋਂ 3-4 ਸਾਲ ਦਾ ਬੱਚਾ ਆਪਣੇ ਤੋਂ ਛੋਟੀ ਉਮਰ ਵਾਲੇ ਬੱਚਿਆਂ ਵਰਗਾ ਵਰਤਾਓ ਕਰੇ ਜਾਂ ਹੇਠ ਲਿਖੀਆਂ ਕੁਝ ਗੱਲਾਂ ਉਸ ਵਿੱਚ ਹੋਣ ਤਾਂ ਬੱਚੇ ਵਿੱਚ ਥੋੜ੍ਹੀ ਮਾਨਸਿਕ ਸਮੱਸਿਆ ਹੋ ਸਕਦੀ ਹੈ।**

- ਕੀ ਬੱਚੇ ਦੇ ਮਾਤਾ-ਪਿਤਾ, ਬੱਚੇ ਵਿੱਚ ਛੇ ਸਾਲ ਦੀ ਉਮਰ ਤੱਕ ਬੱਚੇ ਵਿੱਚ ਦੇਰ ਨਾਲ ਹੋਏ ਵਿਕਾਸ ਬਾਰੇ ਹੇਠ ਲਿਖੇ ਅਨੁਸਾਰ ਦੱਸਦੇ ਹਨ ?

1 3 ਮਹੀਨਿਆਂ ਤੱਕ ਆਪਣੀ ਗਰਦਨ ਨੂੰ ਸੰਭਾਲਣਾ ਨਹੀਂ ਸਿੱਖ ਸਕਿਆ।



2 9 ਮਹੀਨਿਆਂ ਤੱਕ ਬੋਲਣਾ ਨਹੀਂ ਸਿੱਖਿਆ।

3 1½ ਸਾਲ ਤੱਕ ਖੜ੍ਹੇ ਹੋਣਾ ਸਿੱਖਿਆ ।

4 2½ ਸਾਲ ਤੱਕ ਸ਼ਬਦਾਂ ਨੂੰ ਬੋਲਣਾ ਨਹੀਂ ਸਿੱਖਿਆ ।

5 5 ਸਾਲ ਤੱਕ ਆਪ ਪਖਾਨਾ ਜਾਣਾ ਨਹੀਂ ਸਿੱਖਿਆ ।

- ਕੀ ਮਾਤਾ-ਪਿਤਾ ਨੇ ਬੱਚੇ ਦੇ ਪਿਛੋਕੜ ਬਾਰੇ ਹੇਠ ਲਿਖੇ ਅਨੁਸਾਰ ਦੱਸਿਆ ਹੈ?

1 ਸਿਰ ਵਿੱਚ ਸੱਟ ਲਗਣਾ ।

2 ਫਿੱਟ ਪੈਣਾ ।

3 ਪੀਲੀਆ, ਦਸਤ, ਦਿਮਾਗੀ ਬੁਖਾਰ, ਘਟੀਆ ਭੋਜਨ ਆਦਿ ਬਾਰੇ ਪਿਛੋਕੜ ।

4 ਬਚਪਨ ਵਿੱਚ ਮਾਤਾ-ਪਿਤਾ ਵਲੋਂ ਘੱਟ ਧਿਆਨ ਦਿੱਤਾ ਜਾਣਾ।

5 ਲਗਾਤਾਰ ਦਿੱਤੀਆਂ ਗਈਆਂ ਅਗਵਾਈ ਲੀਹਾਂ ਨੂੰ ਉਸੇ ਸਾਰਣੀ ਵਿੱਚ ਘੱਟ ਯਾਦ ਰੱਖਣਾ ।

- ਕੀ ਬੱਚੇ ਨੂੰ ਕਿਰਿਆਵਾਂ ਕਰਨ, ਗੱਲਬਾਤ ਕਰਨ ਅਤੇ ਬੋਲਣ ਵਿੱਚ ਆਪਣੇ ਹਾਣੀ ਗੁਰੱਪ ਨੂੰ ਦੇਖ ਕੇ ਸਿੱਖਣ ਵਿੱਚ ਮੁਸ਼ਕਲ ਆਉਂਦੀ ਹੈ?
- ਕੀ ਬੱਚੇ ਨੂੰ ਪਾਠ-ਕ੍ਰਮ ਦਾ ਅਰਥ, ਕਹਾਣੀ ਦੇ ਵਿਸ਼ੇ ਦੀ ਲਗਾਤਾਰਤਾ ਨੂੰ ਸਮਝਣ ਵਿੱਚ ਮੁਸ਼ਕਲ ਆਉਂਦੀ ਹੈ?
- ਕੀ ਬੱਚੇ ਨੂੰ ਸਮੱਸਿਆ ਹੱਲ ਕਰਨ, ਹਿਸਾਬ ਦੀਆਂ ਕਿਰਿਆਵਾਂ ਕਰਨ ਜਾਂ ਕਿਸੇ ਖਾਸ ਸਥਿਤੀ ਵਿੱਚ ਫੈਸਲਾ ਲੈਣ ਵਿੱਚ ਮੁਸ਼ਕਲ ਆਉਂਦੀ ਹੈ?
- ਕੀ ਬੱਚਾ ਕਿਸੇ ਕੰਮ ਨੂੰ ਸ਼ੁਰੂ ਕਰਨ ਤੋਂ ਪਹਿਲਾਂ, ਕੰਮ ਨੂੰ ਸ਼ੁਰੂ ਕਰਨ ਦੇ ਹੁਕਮ ਦੀ ਉਡੀਕ ਜਾਂ ਅਧਿਆਪਕ ਤੋਂ ਆਗਿਆ ਲੈਣ ਬਾਰੇ ਦੇਖਦਾ ਹੈ?
- ਕੀ ਬੱਚੇ ਨੂੰ ਵਸਤੂਆਂ ਨੂੰ ਗੱਰੁਪਾਂ ਵਿੱਚ ਵੰਡਣ ਲਈ ਮੁਸ਼ਕਲ ਪੇਸ਼ ਆਉਂਦੀ ਹੈ? ਜਿਵੇਂ -

1. ਅੰਬਾਂ ਨੂੰ ਰੰਗ, ਸੁਆਦ, ਬਣਤਰ ਅਤੇ ਇਸ ਦੇ ਨਾਵਾਂ ਨੂੰ ਵਿਸਥਾਰ ਨਾਲ ਦੱਸਣਾ।
2. ਕੁੱਤਿਆਂ ਬਾਰੇ ਉਨ੍ਹਾਂ ਦੇ ਜਾਨਵਰ ਹੋਣ ਬਾਰੇ, ਬਚਾਓ ਲਈ ਸਹਾਇਤਾ ਕਰਨ ਵਾਲੇ ਅਤੇ ਦੋਸਤਾਨਾ ਵਿਵਹਾਰ ਵਾਲੇ ਹੋਣ ਬਾਰੇ ਵਿਸਥਾਰ ਨਾਲ ਦੱਸਣਾ ।
3. ਪਾਣੀ ਬਾਰੇ ਦੱਸਣਾ ਕਿ ਇਹ ਬੇਰੰਗ ਅਤੇ ਬਿਨਾਂ ਸ਼ਕਲ ਵਾਲਾ ਤਰਲ ਹੈ।

- ਕੀ ਬੱਚੇ ਨੂੰ 4 ਜਾਂ 5 ਲਗਾਤਾਰ ਗਤੀਵਿਧੀਆਂ ਸਿੱਖਣ ਵਿੱਚ ਮੁਸ਼ਕਲ ਆਉਂਦੀ ਹੈ?
- ਕੀ ਬੱਚੇ ਦਾ ਪਹਿਲੀਆਂ ਕਲਾਸਾਂ ਵਿੱਚ ਫੇਲ੍ਹ ਰਹਿਣ ਦਾ ਹੀ ਪਿਛੋਕੜ ਹੈ ਜਾਂ ਸਕੂਲਾਂ ਦਾ ਲਗਾਤਾਰ ਬਦਲਣ ਦਾ ਪਿਛੋਕੜ ਹੈ?

- ਕੀ ਬੱਚਾ ਦਿਮਾਗੀ ਤੌਰ ਤੇ ਘੱਟ ਵਿਕਸਿਤ ਹੋਇਆ ਹੈ ਅਤੇ 3-4 ਸਾਲ ਦੇ ਬੱਚਿਆਂ ਵਾਂਗ ਕਰਦਾ ਹੈ?
- ਮੰਦਬੁੱਧੀ ਬੱਚਿਆਂ ਦੀ ਪਛਾਣ ਨੂੰ ਚੈੱਕ ਕਰਨ ਦੀ ਚੈਕ-ਲਿਸਟ

| ਲੜੀ ਨੰ | ਮੰਦਬੁੱਧੀ ਬੱਚਿਆਂ ਦੀ ਪਛਾਣ | ਹਾਂ | ਨਹੀਂ |
|---|---|---|---|
| 1 | ਕੀ ਬੱਚਾ 12-15 ਮਹੀਨਿਆਂ ਦੀ ਉਮਰ ਵਿੱਚ ਬੈਠਣ ਲੱਗ ਪਿਆ ਸੀ? | | |
| 2 | ਕੀ ਬੱਚੇ ਨੇ 2½ ਸਾਲ ਜਾਂ ਇਸ ਤੋਂ ਬਾਅਦ ਚੱਲਣਾ ਸ਼ੁਰੂ ਕੀਤਾ? | | |
| 3 | ਕੀ ਬੱਚੇ ਨੇ 2½ ਸਾਲ ਜਾਂ ਇਸ ਤੋਂ ਬਾਅਦ ਗੱਲਾਂ ਕਰਨੀਆਂ ਸ਼ੁਰੂ ਕੀਤੀਆਂ? ਕੀ ਉਸਦੀ ਸੁਣਨ ਦੀ ਸ਼ਕਤੀ ਚੈਕ ਕੀਤੀ ਗਈ? | | |
| 4 | ਕੀ ਛੇ ਸਾਲ ਦੀ ਉਮਰ ਤੱਕ ਬੱਚੇ ਨੂੰ ਹੇਠ ਲਿਖਿਆਂ ਵਿੱਚੋਂ ਕੋਈ ਸਮੱਸਿਆ ਹੈ?<br>ੳ ਕੀ ਆਪਣੇ ਆਪ ਟਾਇਲਟ ਜਾਂਦਾ ਹੈ?<br>ਅ ਕੀ ਆਪਣੇ ਆਪ ਖਾਂਦਾ ਹੈ?<br>ੲ ਕੀ ਆਪਣੇ ਆਪ ਕੱਪੜੇ ਪਹਿਨਦਾ ਹੈ? | | |
| 5 | ਕੀ ਬੱਚੇ ਨੂੰ ਆਪਣੇ ਦੋਸਤਾਂ ਨਾਲ ਗੇਂਦ ਨਾਲ ਖੇਡਣ ਜਾਂ ਟਰਾਈ ਸਾਈਕਲ ਚਲਾਉਣ ਵਿੱਚ ਕੋਈ ਸਮੱਸਿਆ ਹੈ? | | |
| 6 | ਕੀ ਬੱਚਾ ਦੋਸਤਾਂ ਨਾਲ ਖੇਡਣ ਸਮੇਂ ਛੇਤੀ ਗੁੱਸੇ ਵਿੱਚ ਆਉਂਦਾ ਹੈ? | | |
| 7 | ਕੀ ਬੱਚਾ ਉਹਨਾਂ ਗੱਲਾਂ ਵੱਲ ਧਿਆਨ ਨਹੀਂ ਦਿੰਦਾ ਜੋ ਉਸਨੂੰ ਕਰਨ ਲਈ ਕਿਹਾ ਜਾਂਦਾ ਹੈ? | | |
| 8 | ਕੀ ਬੱਚੇ ਨੂੰ ਸਧਾਰਣ ਗੱਲਾਂ ਯਾਦ ਕਰਨ ਲਈ ਜ਼ਿਆਦਾ ਦੁਹਰਾਈ ਕਰਨੀ ਪੈਂਦੀ ਹੈ ? | | |
| 9 | ਕੀ ਬੱਚੇ ਨੂੰ ਕਹਾਣੀ ਸੁਣਾਉਣ ਲਈ ਛੋਟੇ-2 ਭਾਗਾਂ ਵਿੱਚ ਵੰਡਣਾ ਪੈਂਦਾ ਹੈ ? | | |
| 10 | ਕੀ ਬੱਚੇ ਨੂੰ ਫਲਾਂ, ਸਬਜ਼ੀਆਂ, ਜਾਂ ਪੌਦਿਆਂ ਦੇ ਨਾਮ ਬੋਲਣ ਵਿੱਚ ਸਮੱਸਿਆ ਆਉਂਦੀ ਹੈ? | | |
| 11 | ਕੀ ਬੱਚੇ ਨੂੰ ਹਫ਼ਤੇ ਦੇ ਦਿਨਾਂ ਨੂੰ ਬੋਲਣ ਵਿੱਚ ਸਮੱਸਿਆ ਆਉਂਦੀ ਹੈ ? | | |
| 12 | ਕੀ ਬੱਚੇ ਨੂੰ ਸਪਸ਼ਟ ਸ਼ਬਦਾਂ ਵਿੱਚ ਆਪਣੀਆਂ ਸਮੱਸਿਆਵਾਂ ਦੱਸਣ ਵਿੱਚ ਸਮੱਸਿਆ ਆਉਂਦੀ ਹੈ ? | | |
| 13 | ਕੀ ਬੱਚਾ ਆਪਣੇ ਕੰਮ ਤੇ ਥੋੜ੍ਹਾ ਵੀ ਧਿਆਨ ਕੇਂਦਰਿਤ ਨਹੀਂ ਕਰਦਾ ? | | |
| 14 | ਕੀ ਬੱਚੇ ਦੇ ਜ਼ਬਾਨੀ ਜਵਾਬ ਆਮ ਤੌਰ ਤੇ ਢੁਕਵੇਂ ਨਹੀਂ ਹੁੰਦੇ ? | | |

ਨੋਟਃ- ਜੇਕਰ ਉੱਪਰ ਦਿੱਤੇ ਪ੍ਰਸ਼ਨਾਂ ਵਿੱਚ ਕੋਈ ਚਾਰ ਹਾਂ-ਪੱਖੀ ਹਨ ਤਾਂ ਬੱਚੇ ਨੂੰ ਧਿਆਨ ਨਾਲ ਢੰਗ ਸਿਰ ਅਸੈਸਮੈਂਟ ਲਈ ਭੇਜਿਆ ਜਾਵੇ ।

## ਸਧਾਰਨ ਕਲਾਸ ਰੂਮ ਵਿੱਚ ਮਾਨਸਿਕ ਸਮੱਸਿਆ ਵਾਲੇ ਬੱਚਿਆਂ ਬਾਰੇ ਪ੍ਰਬੰਧ -

ਸਾਧਾਰਨ ਸਿੱਖਿਆ ਕਲਾਸ ਵਾਲੇ ਕਮਰਿਆਂ ਵਿੱਚ, ਜਿਸ ਵਿੱਚ ਵੱਖ-ਵੱਖ ਵਿਸ਼ੇਸ਼ ਲੋੜਾਂ ਵਾਲੇ ਬੱਚੇ ਹਨ, ਤੁਸੀਂ ਇੱਕ ਅਧਿਆਪਕ ਵਜੋਂ ਹਰੇਕ ਬੱਚੇ ਦੀ ਲੋੜ ਨੂੰ ਮਹਿਸੂਸ ਕਰ ਸਕਦੇ ਹੋ।

## ਮਾਨਸਿਕ ਸਮੱਸਿਆ ਵਾਲੇ ਬੱਚਿਆਂ ਨੂੰ ਆਮ ਕਲਾਸ-ਰੂਮ ਵਿਚ ਪੜ੍ਹਾਉਣ ਬਾਰੇ -

ਮੰਦ-ਬੁੱਧੀ ਬੱਚਿਆਂ ਦੇ ਮਾਪਿਆਂ ਨੂੰ ਹੇਠ ਲਿਖੀਆਂ ਚਾਰ ਗੱਲਾਂ ਨੂੰ ਆਪਣੇ ਦਿਮਾਗ ਵਿਚ ਰੱਖਣਾ ਚਾਹੀਦਾ ਹੈ -

1. ਕਾਫ਼ੀ ਦੁਹਰਾਈ
2. ਸਾਰੇ ਹਾਲਾਤਾਂ ਵਿਚ ਪੱਕੀ ਜਾਂ ਠੋਸ ਪੇਸ਼ਕਾਰੀ
3. ਕੰਮ ਦਾ ਵਿਸ਼ਲੇਸ਼ਣ (ਹਰ ਕੰਮ ਨੂੰ ਛੋਟੇ -ਛੋਟੇ ਭਾਗਾਂ ਵਿਚ ਤੋੜਣਾ)
4. ਉਸ ਬੋਲੀ ਦੀ ਵਰਤੋਂ ਕਰਨਾ ਜੋ ਬੱਚਾ ਸਮਝ ਸਕੇ

ਪੜ੍ਹਾਈ ਵਿੱਚ ਪਿੱਛੇ ਰਹਿਣ ਵਾਲੇ ਅਜਿਹੇ ਬੱਚਿਆਂ ਨੂੰ ਆਮ ਤੌਰ ਤੇ ਕਿਸੇ ਸਹਾਇਤਾ ਜਾਂ ਸਾਜ਼-ਸਮਾਨ ਦੀ ਜ਼ਰੂਰਤ ਨਹੀਂ ਹੁੰਦੀ ਪਰ ਉਨ੍ਹਾਂ ਲਈ ਵਿਸ਼ਾ-ਵਸਤੂ ਦਾ ਵਿਸ਼ਲੇਸ਼ਣ ਅਤੇ ਵੇਖਣ ਵਾਲੀ ਸਮੱਗਰੀ ਸਹਾਇਤਾ ਯੋਗ ਹੋ ਸਕਦੀ ਹੈ। ਇਸ ਵਿੱਚ ਸੰਕੇਤਕ, ਚਾਰਟ, ਸਾਰਣੀ, ਗਰਾਫ, ਰੰਗਦਾਰ ਚਾਰਟਾਂ ਦੇ ਨਕਸ਼ੇ, ਰੰਗਦਾਰ ਚਾਕ, ਸਲੇਟਾਂ, ਡਿਕਸ਼ਨਰੀਆਂ, ਤਸਵੀਰਾਂ ਵਾਲੀਆਂ ਡਿਕਸ਼ਨਰੀਆਂ, ਵਰਕ ਬੁੱਕ, ਵਰਕ-ਸ਼ੀਟ ਆਦਿ ਲਏ ਜਾ ਸਕਦੇ ਹਨ।

## ਅਧਿਆਪਕ ਵਲੋਂ ਮੰਦ-ਬੁੱਧੀ ਬੱਚਿਆਂ ਨੂੰ ਪੜ੍ਹਾਉਣ ਸਮੇਂ ਧਿਆਨ ਰੱਖਣ ਯੋਗ ਗੱਲਾਂ :-

1 ਬੱਚੇ ਨੂੰ ਹਰ ਇੱਕ ਤਸਵੀਰ ਜਾਂ ਡਰਾਇੰਗ ਦਾ ਚੰਗੀ ਤਰ੍ਹਾਂ ਵਿਸ਼ਲੇਸ਼ਣ ਕਰਕੇ ਦਿਖਾਓਣਾ ।


2 ਤਸਵੀਰ ਦੀਆਂ ਉਦਾਹਰਨਾਂ ਵਰਤ ਕੇ ਬੱਚਿਆਂ ਲਈ ਨਵੀਂ ਸ਼ਬਦਾਵਲੀ ਨੂੰ ਦਰਸਾਉਣਾ ।

3 ਬੱਚੇ ਦੀ ਸ਼ਬਦਾਵਲੀ ਵਿੱਚੋਂ ਸ਼ਬਦਾਂ ਦਾ ਪ੍ਰਯੋਗ ਕਰਨਾ ।

4 ਬੱਚੇ ਦੇ ਵਾਧੇ ਦੇ ਅਨੁਸਾਰ ਸਮੱਗਰੀ ਦੀ ਵਰਤੋਂ ਕਰਨਾ ।

5 ਛੋਟੇ ਛੋਟੇ ਹਿੱਸਿਆਂ ਵਿੱਚ ਕੰਮ ਦੇਣਾ ।

6 ਕਿਸੇ ਵਿਸ਼ੇ ਦੀ ਸ਼ੁਰੂਆਤ ਕੁਝ ਹੀ ਤੱਥਾਂ ਨਾਲ ਕਰਨਾ।



7 ਵਾਰ-ਵਾਰ ਦੁਹਰਾਈ ਕਰਵਾਉਣਾ। ਉਸਦਾ ਕੋਈ ਹਾਣੀ ਵੀ ਦੁਹਰਾਈ ਕਰਵਾ ਸਕਦਾ ਹੈ ।

8 ਮਹੱਤਵਪੂਰਣ ਤੱਥਾਂ ਲਈ ਸੰਖੇਪ ਅਤੇ ਸੌਖੀ ਰੂਪ-ਰੇਖਾ ਤਿਆਰ ਕਰਕੇ ਦਿਉ ।

9 ਬੱਚੇ ਨੂੰ ਠੋਸ ਤਜ਼ਰਬੇ ਪੇਸ਼ ਕਰਨਾ। ਇਸ ਵਿੱਚ ਬੱਚੇ ਨੂੰ ਬਾਹਰ ਘੁਮਾਉਣ ਲੈ ਕੇ ਜਾਣਾ, ਸਮਾਜਿਕ ਕੰਮਾਂ ਵਿੱਚ ਉਸ ਦੀ ਅਗਵਾਈ ਕਰਨਾ ਆਦਿ ਸ਼ਾਮਲ ਹਨ। ਉਦਾਹਰਨ ਦੇ ਤੌਰ ਤੇ ਜੇਕਰ ਅਧਿਆਪਕ ਨੇ 4+4 ਸਿਖਾਉਣਾ ਹੋਵੇ ਤਾਂ ਉਹ ਕਹਿ ਸਕਦਾ ਹੈ ਕਿ ਇੱਕ ਟੋਕਰੀ ਵਿੱਚ ਚਾਰ ਸੰਤਰੇ ਹਨ ਅਤੇ ਦੂਸਰੀ ਵਿੱਚ ਵੀ ਚਾਰ ਸੰਤਰੇ ਹਨ ਤਾਂ ਦੱਸੋ ਕੁੱਲ ਕਿੰਨੇ ਸੰਤਰੇ ਹੋ ਗਏ ।

10 ਖੁਸ਼ੀ-ਖੁਸ਼ੀ ਪੜ੍ਹਨ ਦਾ ਢੰਗ ਅਰਥਾਤ ਖੇਡ ਵਿਧੀ ਦੀ ਵਰਤੋਂ ਕਰਨਾ ।

11 ਬੱਚੇ ਨੂੰ ਅਜਿਹਾ ਕੰਮ ਦਿਉ ਜਿਸ ਵਿੱਚ ਅੱਖਾਂ ਅਤੇ ਹੱਥਾਂ ਦੋਵਾਂ ਦਾ ਸੁਮੇਲ ਹੋਵੇ ਜਿਵੇਂ ਕੈਂਚੀ ਆਦਿ ਨਾਲ ਕੱਟਣਾ।

12 ਪਹਿਲਾਂ ਸੌਖੀ ਪੜ੍ਹਾਈ ਕਰਾਓ ਅਤੇ ਫਿਰ ਔਖੀ ਵੱਲ ਜਾਓ।

13 ਕੰਮ ਦੀ ਸ਼ੁਰੂਆਤ ਹੌਲੀ-ਹੌਲੀ ਕਰੋ।

14 ਬੱਚੇ ਨੂੰ ਅਜਿਹੀਆਂ ਕਸਰਤਾਂ ਕਰਾਓ, ਜਿਸ ਨਾਲ ਉਸਦੀ ਯਾਦ ਸ਼ਕਤੀ ਵਿੱਚ ਵਾਧਾ ਹੋਵੇ ।

15 ਬੱਚੇ ਨੂੰ ਅਜਿਹੀਆਂ ਗਤੀਵਿਧੀਆਂ ਕਰਵਾਓ ਜਿਨ੍ਹਾਂ ਵਿੱਚ ਤਸਵੀਰਾਂ ਦਾ ਨੰਬਰਾਂ ਅਤੇ ਅੱਖਰਾਂ ਨਾਲ ਸੁਮੇਲ ਹੋਵੇ ।

16 ਬੱਚੇ ਨੂੰ ਅਜਿਹੀ ਸਿਖਲਾਈ ਦਿਉ ਜਿਸ ਵਿੱਚ ਕੰਮ ਨੂੰ ਤਰਤੀਬ ਨਾਲ ਕਰਨਾ ਹੋਵੇ, ਇਸ ਤਰ੍ਹਾਂ ਬੱਚੇ ਦੀ ਪਾਰਖੂ ਸੋਚ ਅਤੇ ਮੁਸ਼ਕਲਾਂ ਹੱਲ ਕਰਨ ਦੀ ਤਕਨੀਕ ਵਿੱਚ ਵਾਧਾ ਹੁੰਦਾ ਹੈ। ਉਦਾਹਰਨ ਦੇ ਤੌਰ ਤੇ ਤੁਸੀਂ ਬੱਚੇ ਨੂੰ ਕਿਸੇ ਕਹਾਣੀ ਦੇ ਫਲੈਸ਼ ਕਾਰਡ ਗਲਤ ਤਰਤੀਬ ਵਿੱਚ ਲਗਾ ਕੇ ਦਿਉ (ਜਿਵੇਂ ਚਾਹ ਬਣਾਉਣ ਦੀ ਪ੍ਰਕ੍ਰਿਆ ਦੀਆਂ ਤਸਵੀਰਾਂ) ਅਤੇ ਉਸਨੂੰ ਠੀਕ ਤਰਤੀਬ ਵਿੱਚ ਲਗਾਉਣ ਲਈ ਕਹੋ।

17 ਪੜ੍ਹਾਉਣ ਦੀ ਸਮੱਗਰੀ ਨਾਲ ਬੱਚੇ ਨੂੰ ਮਨ ਲਾ ਕੇ ਪੜ੍ਹਨਾ ਸਿਖਾਉਣਾ ।

18 ਇਸ ਤਰ੍ਹਾਂ ਦੇ ਬੱਚਿਆਂ ਦੇ ਸਮੂਹ ਨੂੰ ਪੜ੍ਹਾਉਂਦੇ ਸਮੇਂ ਕਿਸੇ ਚੀਜ਼ ਨੂੰ ਰੂਪ ਦੇਣਾ ਇੱਕ ਚਾਬੀ ਦਾ ਕੰਮ ਕਰਦਾ ਹੈ ।



19 ਅਜਿਹੇ ਬੱਚਿਆਂ ਦੀਆਂ ਰੋਜ਼ ਦੀਆਂ ਗਤੀਵਿਧੀਆਂ ਨੂੰ ਇੱਕਦਮ ਨਾ ਬਦਲੋ ਜਾਂ ਉਨ੍ਹਾਂ ਦਾ ਫਰਨੀਚਰ/ਡੈਸਕ ਉਨ੍ਹਾਂ ਨੂੰ ਮਾਨਸਿਕ ਤੌਰ ਤੇ ਤਿਆਰ ਕੀਤੇ ਬਿਨਾਂ ਨਾ ਬਦਲੋ।

20 ਅਜਿਹੇ ਬੱਚਿਆਂ ਦੇ ਹਰ ਰੋਜ਼ ਦੀ ਕੰਮ ਕਰਨ ਦੀ ਸੂਚੀ ਉਨ੍ਹਾਂ ਦੀ ਕਾਪੀ, ਡੈਸਕ ਜਾਂ ਕੰਧ ਤੇ ਟੰਗੀ ਹੋਣੀ ਚਾਹੀਦੀ ਹੈ ਤਾਂ ਕਿ ਬੱਚੇ ਨੂੰ ਪਤਾ ਲੱਗ ਸਕੇ ਕਿ ਉਸਨੇ ਕਦੋਂ ਕੀ ਕਰਨਾ ਹੈ ।

21 ਅਜਿਹੇ ਬੱਚਿਆਂ ਨੂੰ ਜਿੰਦਗੀ ਨਾਲ ਮੇਲ ਖਾਂਦਾ ਕੰਮ ਹੀ ਦਿਉ, ਜਿਸ ਤਰ੍ਹਾਂ ਉਦਾਹਰਨ ਦੇ ਤੌਰ ਤੇ ਪੈਸਿਆਂ ਬਾਰੇ ਪੜ੍ਹਾਉਂਦੇ ਸਮੇਂ ਕਈ ਤਰ੍ਹਾਂ ਦੀਆਂ ਘਰੇਲੂ ਉਦਾਹਰਨਾਂ ਦਿੱਤੀਆਂ ਜਾ ਸਕਦੀਆਂ ਹਨ। ਅਧਿਆਪਕ ਪੁੱਛ ਸਕਦਾ ਹੈ ਕਿ ਜੇ ਇੱਕ ਕੇਲਾ ਇੱਕ ਰੁਪਏ ਦਾ ਹੈ ਤਾਂ ਪੰਜ ਕੇਲੇ ਕਿੰਨੇ ਦੇ ਹੋਣਗੇ। ਜੇਕਰ ਤੁਸੀਂ ਦੁਕਾਨਦਾਰ ਨੂੰ 10 ਰੁਪਏ ਦਿੱਤੇ ਹੋਣ ਤਾਂ ਤੁਹਾਨੂੰ ਕਿੰਨੇ ਪੈਸੇ ਮੋੜੇਗਾ । ਇਸ ਤਰ੍ਹਾਂ ਕੇਲੇ ਦੀ ਤਸਵੀਰ ਦਿਖਾ ਕੇ ਜਾਂ ਪੰਜ ਕੇਲੇ ਲੈ ਕੇ ਇਸ ਨੂੰ ਹੋਰ ਵੀ ਵਧੀਆ ਅਤੇ ਸੌਖੇ ਤਰੀਕੇ ਨਾਲ ਸਮਝਾਇਆ ਜਾ ਸਕਦਾ ਹੈ।

22 ਅਜਿਹੇ ਬੱਚੇ ਦੇ ਹਾਣੀਆਂ ਨੂੰ ਉਸਦੀ ਮੱਦਦ ਕਰਨ ਲਈ ਸਮਝਾਓ।

23 ਅਜਿਹੇ ਬੱਚੇ ਦੇ ਹਾਣੀਆਂ ਨੂੰ ਉਸ ਨਾਲ ਖੇਡਣ ਲਈ ਸਮਝਾਓ ।

24 ਅਜਿਹੇ ਬੱਚੇ ਦੇ ਹਾਣੀਆਂ ਨੂੰ ਉਸਨੂੰ ਭੱਦੇ ਮਜ਼ਾਕ ਕਰਨ ਤੋਂ ਰੋਕਣ ਲਈ ਸਮਝਾਓ ।

# ਪਾਠ-6
# ਸਿੱਖਣ ਦੀ ਸਮੱਸਿਆ ਸਬੰਧੀ (Learning Disability)

ਬੱਚੇ ਨੂੰ ਪੜ੍ਹਣ/ਲਿਖਣ/ਗਣਿਤ ਸਬੰਧੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜੇ ਉਨ੍ਹਾਂ ਦੀਆਂ ਸਮੱਸਿਆਵਾਂ ਵੱਲ ਧਿਆਨ ਨਾ ਦਿੱਤਾ ਜਾਵੇ ਤਾਂ ਉਹ ਬੱਚੇ ਡਰਾਪ-ਆਊਟ ਹੋ ਜਾਂਦੇ ਹਨ।



## ਸਿੱਖਣ ਦੀ ਸਮੱਸਿਆ ਵਾਲੇ ਬੱਚਿਆਂ ਦੀ ਪਛਾਣ -

ਇਕ ਅਧਿਆਪਕ ਦੇ ਤੌਰ ਤੇ, ਤੁਹਾਡੇ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਤੁਹਾਡੇ ਕਲਾਸ ਰੂਮ ਵਿੱਚ ਬੱਚਿਆਂ ਨੂੰ ਕਿਹੜੀਆਂ ਕਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਿਹੇ ਬੱਚਿਆਂ ਦੀ ਪਛਾਣ ਕਰਨੀ ਜ਼ਰੂਰੀ ਹੈ। ਇਸ ਲਈ ਸਿੱਖਣ ਸਬੰਧੀ ਸਮੱਸਿਆ ਵਾਲੇ ਬੱਚਿਆਂ ਨੂੰ ਪਛਾਣਨ ਲਈ ਇੱਕ ਸਧਾਰਣ ਚੈਕ-ਲਿਸਟ ਅੱਗੇ ਦਿੱਤੀ ਗਈ ਹੈ ਜੋ ਤੁਹਾਡੀ ਸਹਾਇਤਾ ਕਰੇਗੀ ।

| ਲੜੀ ਨੰ | ਸਿੱਖਣ ਸਬੰਧੀ ਘਾਟ (ਲਰਨਿੰਗ ਡਿਸਏਬਿਲਟੀ) | ਹਾਂ | ਨਹੀਂ |
|---|---|---|---|
| 1 | ਕੀ ਬੱਚੇ ਨੂੰ ਆਪਣੇ ਹਮ-ਉਮਰ ਬੱਚਿਆਂ ਨਾਲ ਕੰਮ ਪੂਰਾ ਕਰਨ ਵਿੱਚ ਬੇਆਰਾਮੀ ਜਾਂ ਅਯੋਗਤਾ ਮਹਿਸੂਸ ਹੁੰਦੀ ਹੈ? | | |
| 2 | ਕੀ ਬੱਚਾ ਘਰ ਜਾਂ ਸਕੂਲ ਵਿੱਚ ਹੋਣ ਵਾਲੀਆਂ ਗਤੀਵਿਧੀਆਂ ਤੋਂ ਅਸਾਨੀ ਨਾਲ ਟਲਿਆ ਰਹਿੰਦਾ ਹੈ? | | |
| 3 | ਕੀ ਬੱਚਾ ਆਪਣੇ ਹਮਉਮਰ ਬੱਚਿਆਂ ਨਾਲੋਂ ਪੜ੍ਹਣ ਵੇਲੇ ਅੱਖਰਾਂ ਨੂੰ ਪੁੱਠੇ ਜਾਂ ਉਨ੍ਹਾਂ ਦੀ ਲਗਾਤਾਰਤਾ ਨੂੰ ਪੁੱਠਾ ਪੜ੍ਹਦਾ ਹੈ, ਜਿਵੇਂ b ਨੂੰ d ਅਤੇ SAW ਨੂੰ WAS ਪੜ੍ਹਨਾ ਆਦਿ ? | | |
| 4 | ਕੀ ਬੱਚਾ ਪੜ੍ਹਦੇ ਸਮੇਂ ਥਾਂ ਛੱਡਕੇ ਜਾਂ ਦੁਬਾਰਾ/ਇਕੱਠਾ ਕਰਕੇ/ ਬਦਲਵਾਂ ਅੱਖਰ ਛੱਡਣਾ ਆਦਿ ਗਲਤੀਆਂ ਕਰਦਾ ਹੈ | | |
| 5 | ਕੀ ਬੱਚਾ ਪੜ੍ਹਦੇ ਜਾਂ ਲਿਖਦੇ ਸਮੇਂ ਅਕਸਰ ਗਿਣਤੀ ਦੇ ਅੰਕਾਂ ਦੀ ਲਗਾਤਾਰਤਾ ਨੂੰ ਉਲਟਾਉਂਦਾ ਹੈ (ਜਿਵੇਂ 31 ਨੂੰ 13 ਅਤੇ 6 ਨੂੰ 9 ) ? | | |

| | | | |
|---|---|---|---|
| 6 | ਕੀ ਬੱਚੇ ਨੂੰ ਪੁਸਤਕ ਜਾਂ ਬਲੈਕ ਬੋਰਡ ਤੋਂ ਵੇਖ ਕੇ ਲਿਖਣ ਸਮੇਂ ਮੁਸ਼ਕਲ ਆਉਂਦੀ ਹੈ? ਭਾਵੇਂ ਉਸਨੂੰ ਠੀਕ ਦਿਸਦਾ ਹੋਵੇ? | | |
| 7 | ਕੀ ਬੱਚਾ ਜੋੜ ਘਟਾਓ ਵਿੱਚ ਬਹੁਤ ਕਮਜ਼ੋਰ ਹੈ? | | |
| 8 | ਕੀ ਬੱਚਾ ਸ਼ਬਦ ਜਾਂ ਅੱਖਰ ਬਹੁਤ ਨੇੜੇ ਜਾਂ ਦੂਰ ਲਿਖਦਾ ਹੈ? | | |
| 9 | ਕੀ ਬੱਚਾ ਪੜ੍ਹਾਉਣ ਸਮੇਂ ਸਭ ਕੁਝ ਸਮਝਦਾ ਹੈ ਪਰੰਤੂ ਜਦੋਂ ਕੋਈ ਪੜ੍ਹਾਏ ਗਏ ਬਾਰੇ ਪ੍ਰਸ਼ਨ ਪੁੱਛਿਆ ਜਾਵੇ ਤਾਂ ਉਸ ਦਾ ਉੱਤਰ ਨਹੀਂ ਦੇ ਸਕਦਾ? | | |

ਨੋਟ- ਜੇਕਰ ਉੱਪਰ ਦਿੱਤੇ ਪ੍ਰਸ਼ਨਾਂ ਵਿੱਚੋਂ 3-5 ਹਾਂ-ਪੱਖੀ ਹਨ ਤਾਂ ਬੱਚੇ ਨੂੰ ਟ੍ਰੇਂਡ ਅਧਿਆਪਕ ਵਲੋਂ ਸਪੈਸ਼ਲ ਧਿਆਨ ਦੇਣ ਦੀ ਲੋੜ ਹੈ ।

## ਖਾਸ ਸਿੱਖਣ ਦੀ ਘਾਟ ਵਾਲੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ - (ਸਪੈਸਿਫਿਕ ਲਰਨਿੰਗ ਡਿਸਏਬਿਲਟੀ)

**ਨੋਟ-ਜੇਕਰ** ਬੱਚੇ ਦਾ **IQ** 85 ਤੋਂ ਜ਼ਿਆਦਾ ਹੈ ਫਿਰ ਵੀ ਬੱਚੇ ਵਿੱਚ ਹੇਠ ਲਿਖੀਆਂ ਨਿਸ਼ਾਨੀਆਂ ਹਨ ਤਾਂ ਉਸ ਵਿੱਚ ਖਾਸ ਸਿੱਖਣ ਦੀ ਘਾਟ ਵਾਲੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੇ ਲੱਛਣ ਹਨ। ਜੇ **IQ** ਟੈਸਟ ਰਿਪੋਰਟ ਉਪਲੱਬਧ ਨਹੀਂ ਹੈ ਤਾਂ ਹੇਠ ਲਿਖੀਆਂ ਨਿਸ਼ਾਨੀਆਂ ਵੇਖੋ ।

- ਕੀ ਬੱਚਾ ਆਪਣੇ ਆਪ ਦਿੱਤੇ ਕੰਮ ਨੂੰ ਧਿਆਨ ਦੇ ਕੇ ਨਹੀਂ ਕਰ ਸਕਦਾ ?
- ਕੀ ਬੱਚੇ ਨੂੰ ਬਿਨਾਂ ਕਿਸੇ ਦੇਖ-ਰੇਖ ਦੇ ਆਪਣਾ ਕੰਮ ਦਿੱਤੇ ਸਮੇਂ ਵਿੱਚ ਕਰਨ ਵਿੱਚ ਮੁਸ਼ਕਲ ਆਉੱਦੀ ਹੈ?
- ਕੀ ਬੱਚਾ ਆਮ ਤੌਰ ਤੇ ਹੇਠ ਲਿਖੀਆਂ ਗਲਤੀਆਂ ਕਰਦਾ ਹੈ ?

1. ਪੜ੍ਹਣ ਸਮੇਂ ਸ਼ਬਦ ਜਾਂ ਅੱਖਰ ਛੱਡ ਜਾਂਦਾ ਹੈ ।
2 ਲਾਈਨਾਂ ਜਾਂ ਇੱਕ ਲਾਈਨ ਵਿੱਚ ਅੱਖਰਾਂ ਨੂੰ ਪੜ੍ਹਦੇ ਸਮੇਂ ਮੁਸ਼ਕਲ ਆਉਂਦੀ ਹੈ ਅਤੇ ਨਾਲ-ਨਾਲ ਉਂਗਲ ਰੱਖ ਕੇ ਪੜ੍ਹਦਾ ਹੈ।
3 ਵਸਤੂਆਂ ਨੂੰ ਸਹੀ ਢੰਗ ਨਾਲ ਰੱਖਣ ਵਿੱਚ ਮੁਸ਼ਕਲ ਆਉਂਦੀ ਹੈ ਜਿਵੇਂ ਕਿ ਆਕਾਰ, ਰੰਗ ਅਤੇ ਬਣਤਰ ਦੇ ਹਿਸਾਬ ਨਾਲ ਕਿਤਾਬਾਂ ਨੂੰ ਬੈਗ ਵਿੱਚ ਤਰਤੀਬਵਾਰ ਰੱਖਣਾ, ਕੱਪੜਿਆਂ ਨੂੰ ਰੰਗ, ਸਾਈਜ਼ ਅਤੇ ਵਰਤੋਂ ਦੇ ਹਿਸਾਬ ਨਾਲ ਰੱਖਣਾ ਆਦਿ।
4 ਬਲੈਕ ਬੋਰਡ ਤੋਂ ਅੱਖਰਾਂ ਜਾਂ ਸ਼ਬਦਾਂ ਨੂੰ ਬਿਨਾਂ ਛੱਡਿਆਂ ਕਾਪੀ ਤੇ ਨਕਲ ਕਰਕੇ ਉਤਾਰਣਾ ।
5 ਹਿਸਾਬ ਦੇ ਸੰਕੇਤ ਦੀ ਵਰਤੋਂ ਕਰਨ ਅਤੇ ਅੰਕਾਂ ਦੇ ਆਪਸੀ ਰਿਸ਼ਤਿਆਂ ਨੂੰ ਸਮਝਣ ਵਿੱਚ ਮੁਸ਼ਕਲ ਆਉਂਦੀ ਹੈ ।

6 ਅੱਖਰਾਂ ਵਿੱਚ ਫਰਕ ਨੂੰ ਸਮਝਣ ਵਿੱਚ ਮੁਸ਼ਕਲ ਆਉਂਦੀ ਹੈ ਜਿਵੇਂ: b ਅਤੇ d , 6 ਅਤੇ 9 ਆਦਿ।।

7 ਲਿਖਣ ਲੱਗੇ ਲਾਈਨਾਂ ਵਿੱਚ ਅਤੇ ਅੱਖਰਾਂ ਵਿੱਚ ਵੱਧ ਘੱਟ ਜਗ੍ਹਾ ਛੱਡਣੀ ।

8 ਕੀ ਬੱਚੇ ਨੂੰ ਪੜ੍ਹਣ ਅਤੇ ਲਿਖਣ ਵੇਲੇ ਕੌਮਾਂ, ਡੰਡੀ ਦੀ ਵਰਤੋਂ ਕਰਨ ਸਮੇਂ ਮੁਸ਼ਕਲ ਆਉਂਦੀ ਹੈ ?

9 ਕਿਸੇ ਅੰਕ ਅਤੇ ਵਾਕ ਦੇ ਅਰਥ ਅਤੇ ਆਪਸੀ ਰਿਸ਼ਤੇ ਨੂੰ ਸਮਝਣ ਵਿੱਚ ਮੁਸ਼ਕਲ ਆਉਂਦੀ ਹੈ।

10 ਕਿਸੇ ਕਹਾਣੀ, ਪੈਰ੍ਹਾ ਜਾਂ ਘਟਨਾ ਬਾਰੇ ਕਿਸੇ ਸਵਾਲ ਦਾ ਜਵਾਬ ਦਿੰਦੇ ਸਮੇਂ ਮੁਸ਼ਕਲ ਆਉਂਦੀ ਹੈ।

11 ਕਿਸੇ ਚੀਜ਼ ਨੂੰ ਦਿੱਤੀਆਂ ਗਈਆਂ ਸਾਵਧਾਨੀਆਂ ਨਾਲ ਲੱਭਣ ਵਿੱਚ ਮੁਸ਼ਕਲ ਆਉਂਦੀ ਹੈ। ਉਦਾਹਰਨ ਦੇ ਤੌਰ ਤੇ ਹਰੇ ਰੰਗ ਦੀ ਪੁਸਤਕ ਦੇ ਸੱਜੇ ਪਾਸੇ ਉਪਰਲੇ ਕੋਨੇ ਦੇ ਡੱਬੇ (ਟੇਬਲ) ਵੱਲ ਦੇਖੋ।

- ਕੀ ਬੱਚੇ ਨੂੰ ਅੱਖਰਾਂ ਦੇ ਸਹੀ ਉੱਚਾਰਨ ਵਿੱਚ ਮੁਸ਼ਕਲ ਆਉਂਦੀ ਹੈ?
- ਕੀ ਬੱਚੇ ਨੂੰ ਕਿਸੇ ਦਿੱਤੇ ਹੋਏ ਟੈਸਟ ਵਿੱਚੋ ਅੱਖਰਾਂ ਜਾਂ ਅੰਕਾਂ ਨੂੰ ਲੱਭਣ ਵਿੱਚ ਮੁਸ਼ਕਲ ਆਉਂਦੀ ਹੈ?
- ਕੀ ਬੱਚੇ ਨੂੰ ਲੜਾਈ ਜਾਂ ਦੋਸਤੀ ਦੇ ਟੁੱਟਣ ਸਮੇਂ ਆਪਣੇ ਵਿਚਾਰ ਪੇਸ਼ ਕਰਨ ਵਿੱਚ ਮੁਸ਼ਕਲ ਪੇਸ਼ ਆਉਂਦੀ ਹੈ?
- ਕੀ ਬੱਚੇ ਨੂੰ ਦੁਬਾਰਾ ਯਾਦ ਕਰਵਾਉਣ ਜਾਂ ਮੱਦਦ ਤੋਂ ਬਿਨਾਂ ਕਿਸੇ ਦਿੱਤੇ ਵਿਸ਼ੇ (ਟਾਪਿਕ) ਦੇ ਕੇਂਦਰੀ ਭਾਵ ਨੂੰ ਸਮਝਾਉਣ ਵਿੱਚ ਮੁਸ਼ਕਲ ਆਉਂਦੀ ਹੈ?
- ਕੀ ਬੱਚੇ ਨੂੰ ਭਾਸ਼ਾ, ਸਾਇੰਸ ਅਤੇ ਸਮਾਜਿਕ ਸਿੱਖਿਆ ਆਦਿ ਵਿਸ਼ਿਆਂ ਵਿੱਚ ਆਪਣੇ ਸ਼ਬਦਾਂ ਨਾਲ ਵਿਚਾਰ ਪੇਸ਼ ਕਰਨ ਵਿੱਚ ਮੁਸ਼ਕਲ ਆਉਂਦੀ ਹੈ?
- ਕੀ ਬੱਚਾ ਥੋੜ੍ਹੇ ਸਮੇਂ ਲਈ ਆਪਣੇ ਆਸਪਾਸ, ਸਕੂਲ ਵਿੱਚ ਜਾਂ ਘਰ ਵਿੱਚ ਆਪਣੀ ਪ੍ਰਗਤੀ ਤੇ ਧਿਆਨ ਮਾਰਦਾ ਹੈ?
- ਕੀ ਬੱਚੇ ਨੂੰ ਆਪਣੇ ਦੋਸਤਾਂ ਨਾਲ ਖੇਡੀਆਂ ਜਾਣ ਵਾਲੀਆਂ ਆਮ ਖੇਡਾਂ ਦੀਆਂ ਸਾਵਧਾਨੀਆਂ ਨੂੰ ਯਾਦ ਰੱਖਣ ਵਿੱਚ ਮੁਸ਼ਕਲ ਪੇਸ਼ ਆਉਂਦੀ ਹੈ?

## ਸਿੱਖਣ ਵਿੱਚ ਵਿਗਾੜ ਵਾਲੇ ਬੱਚਿਆਂ ਨੂੰ ਪੜ੍ਹਾਉਣਾ -

1 ਮਾਡਲਾਂ ਨੂੰ ਦਿਖਾਕੇ ਅਤੇ ਉਨ੍ਹਾਂ ਦੀ ਪੇਸ਼ਕਾਰੀ ਕਰਕੇ ਪੜ੍ਹਾਓਣਾ।

2 ਜ਼ਿਆਦਾ ਗਿਆਨ ਇੰਦਰੀਆਂ ਦਾ ਪ੍ਰਯੋਗ ਕਰਨਾ।

3 ਰੌਲੇ-ਰੱਪੇ ਵਾਲੇ ਵਾਤਾਵਰਨ ਤੋਂ ਗੁਰੇਜ਼ ਕਰੋ ਕਿਉਂਕਿ ਇਸ ਨਾਲ ਬੱਚੇ ਦਾ ਧਿਆਨ ਪੜ੍ਹਾਈ ਵਿੱਚ ਨਹੀਂ ਲਗਦਾ ।

4 ਸੂਚਨਾ ਨੂੰ ਛੋਟੇ-ਛੋਟੇ ਹਿੱਸਿਆਂ ਵਿੱਚ ਤੋੜ ਕੇ ਪੜ੍ਹਾਉਣਾ ।

5 ਕਿਸੇ ਕੰਮ ਦਾ ਵਿਸ਼ਲੇਸ਼ਣ ਕਰਕੇ ਕਿਸੇ ਨਤੀਜੇ ਤੇ ਪਹੁੰਚਣ ਦੀ ਤਕਨੀਕ ਦੱਸਣਾ ਅਤੇ ਦਰ ਪ੍ਰਤੀ ਦਰ ਇਸ ਵਿੱਚੋਂ ਕਿਸ ਤਰ੍ਹਾਂ ਸਫ਼ਲਤਾ ਪ੍ਰਾਪਤ ਕਰਨੀ ਹੈ, ਬਾਰੇ ਉਨ੍ਹਾਂ ਦੀ ਅਗਵਾਈ ਕਰਨਾ ।

6 ਕਿਉਂਕਿ ਅਜਿਹੇ ਬੱਚਿਆਂ ਵਿੱਚ ਸਮੇਂ ਨੂੰ ਵਰਤਣ ਦੀ ਤਕਨੀਕ ਘੱਟ ਹੁੰਦੀ ਹੈ, ਇਸ ਲਈ ਉਨ੍ਹਾਂ ਨੂੰ ਕਿਸੇ ਕੰਮ ਨੂੰ ਕਰਨ ਲਈ ਬਹੁਤ ਸਾਰਾ ਸਮਾਂ ਦਿਉ ।

7 ਅਜਿਹੇ ਬੱਚਿਆਂ ਨੂੰ ਕਿਸੇ ਕੰਮ ਵਿੱਚ ਮੁਹਾਰਤ ਹਾਸਲ ਕਰਨ ਲਈ ਉਸੇ ਕੰਮ ਨੂੰ ਬਹੁਤ ਵਾਰ ਕਰਨ ਦੀ ਲੋੜ ਹੁੰਦੀ ਹੈ।

8 ਅਜਿਹੇ ਬੱਚਿਆਂ ਦੀ ਨਵੇਂ ਕੰਮ ਦੀ ਸ਼ੁਰੂਆਤ ਵਿੱਚ ਘੱਟ ਸਮੇਂ ਲਈ ਪ੍ਰੈਕਟਿਸ ਕਰਵਾਓ ।

9 ਅਜਿਹੇ ਤਰੀਕਿਆਂ ਦੀ ਵਰਤੋਂ ਕਰੋ ਤਾਂ ਕਿ ਅਜਿਹੇ ਬੱਚੇ ਹਾਣੀਆਂ ਦੀ ਸਹਾਇਤਾ ਜਾਂ ਆਪਸੀ ਤਾਲਮੇਲ ਨਾਲ ਸਿੱਖ ਸਕਣ। ਹਾਣੀਆਂ ਜਾਂ ਸਾਥੀਆਂ ਦੁਆਰਾ ਪੜ੍ਹਾਉਣ ਵਾਲੇ ਤਰੀਕੇ ਵਿੱਚ ਅਪੰਗਤਾ ਵਾਲੇ ਬੱਚੇ ਨੂੰ ਅਧਿਆਪਕ ਬਣਨ ਦਾ ਮੌਕਾ ਦਿਉ।

10 ਅਜਿਹੇ ਬੱਚਿਆਂ ਲਈ ਵਿਕਸਤ ਅਤੇ ਢੁੱਕਵੀਂ ਤਕਨੀਕ ਅਪਣਾਓ। ਇਸ ਦਾ ਅਰਥ ਹੈ ਕਿ ਬੱਚਿਆਂ ਦੇ ਮਾਨਸਿਕ ਵਿਕਾਸ ਨੂੰ ਧਿਆਨ ਵਿੱਚ ਰੱਖ ਕੇ ਪੜ੍ਹਾਇਆ ਜਾਵੇ।

11 ਸੂਚਨਾ ਨੂੰ ਜਿੰਨਾ ਹੋ ਸਕੇ ਸੌਖਾ ਕਰੋ।

12 ਛੋਟੇ ਸਮੂਹਾਂ ਵਿੱਚ ਪੜ੍ਹਾਈ ਕਰਾਓ।

13 ਵਿਦਿਆਰਥੀਆਂ ਲਈ ਪਰਖ ਸਮੱਗਰੀ ਬਣਾਈ ਜਾਵੇ।

14 ਉਨ੍ਹਾਂ ਵਿਧੀਆਂ ਦਾ ਪਤਾ ਲਗਾਉਣਾ ਕਿ ਬੱਚਾ ਕਿਸ ਤਰੀਕੇ ਨਾਲ ਵਧੀਆ ਪੜ੍ਹ ਸਕਦਾ ਹੈ ਅਤੇ ਉਨ੍ਹਾਂ ਵਿਧੀਆਂ ਦਾ ਹੀ ਪ੍ਰਯੋਗ ਕੀਤਾ ਜਾਵੇ ।

15 ਲਗਾਤਾਰ ਸਫ਼ਲਤਾ ਦੇ ਮੌਕੇ ਮੁੱਹਈਆ ਕਰਾਉਣਾ।

16 ਅਪੰਗਤਾ ਵਾਲੇ ਬੱਚਿਆਂ ਨੂੰ ਪੜ੍ਹਾਉਣ ਦੇ ਤਰੀਕਿਆਂ ਦੇ ਵਿਚਾਰ-ਵਟਾਂਦਰੇ ਲਈ ਅਧਿਆਪਕਾਂ ਦੀਆਂ ਵਰਕਸ਼ਾਪਾਂ ਲਗਾਉਣੀਆਂ ਚਾਹੀਦੀਆਂ ਹਨ ।

17 ਅਜਿਹੇ ਬੱਚਿਆਂ ਨੂੰ ਆਪਣੇ ਵਿਚਾਰ ਅਤੇ ਸੋਚ ਪ੍ਰਗਟ ਕਰਨ ਦਾ ਮੌਕਾ ਦਿਉ ।

18 ਬੱਚੇ ਨੂੰ ਸੋਚਣ ਲਈ ਉਤਸ਼ਾਹਿਤ ਕਰੋ ਅਤੇ ਉਸਦੇ ਸੋਚਣ ਦੇ ਤਰੀਕੇ ਨੂੰ ਮਾਨਤਾ ਦਿਉ ।

19 ਅਜਿਹੇ ਬੱਚਿਆਂ ਨੂੰ ਪੜ੍ਹਾਉਂਦੇ ਸਮੇਂ ਉਨ੍ਹਾਂ ਨਾਲ ਗੱਲਾਂ ਕਰੋ, ਇਹ ਗੱਲਾਂ ਉਨ੍ਹਾਂ ਨੂੰ ਪਾਠ ਸਮਝਣ ਵਿੱਚ ਮੱਦਦ ਕਰਦੀਆਂ ਹਨ।

20 ਕਲਾਸ ਦੇ ਕਮਰੇ ਵਿੱਚ ਬੱਚਿਆਂ ਦੀ ਪੜ੍ਹਾਈ ਦੇ ਵਾਧੇ ਲਈ ਜੋ ਖੇਡਾਂ ਅਤੇ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ, ਉਨ੍ਹਾਂ ਵਿੱਚ ਅਧਿਆਪਕ ਆਪ ਵੀ ਸ਼ਾਮਲ ਹੋਵੇ । ਇਸ ਤਰ੍ਹਾਂ ਅਧਿਆਪਕ ਸਾਰੀ ਸਿੱਖਣ ਪ੍ਰਕਿਰਿਆ ਦਾ ਹਿੱਸੇਦਾਰ ਅਤੇ ਸਹਾਇਕ ਬਣ ਜਾਵੇਗਾ ।

21 ਅਜਿਹੇ ਬੱਚਿਆਂ ਦੀ ਸਿੱਖਿਆ ਲਈ ਆਪਣੀਆਂ ਕੋਸ਼ਿਸ਼ਾਂ ਨੂੰ ਸਹੀ ਦਿਸ਼ਾ ਦੇਣ ਲਈ ਉਨ੍ਹਾਂ ਦੀ ਪ੍ਰਸ਼ੰਸਾ ਕਰੋ ਅਤੇ ਹੋਰ ਅਜਿਹੇ ਸ਼ਬਦਾਂ ਦੀ ਵਰਤੋਂ ਕਰੋ ।

22 ਹਮੇਸ਼ਾ ਯਾਦ ਰੱਖੋ ਕਿ ਕਿਸੇ ਪ੍ਰੋਗਰਾਮ ਨੂੰ ਨਿਖੜਵੇਂ ਢੰਗ ਨਾਲ ਕਰਨ ਦਾ ਅਰਥ ਇਹ ਨਹੀਂ ਕਿ ਅਜਿਹੇ ਬੱਚਿਆਂ ਨੂੰ ਇੱਕ ਇੱਕ ਕਰਕੇ ਪੜ੍ਹਾਇਆ ਜਾਵੇ। ਇਸ ਦਾ ਸਰਲ ਅਰਥ ਇਹ ਹੈ ਕਿ ਪ੍ਰੋਗਰਾਮ ਨੂੰ ਬੱਚੇ ਦੀ ਲੋੜ ਅਤੇ ਯੋਗਤਾ ਅਨੁਸਾਰ ਢਾਲਿਆ ਜਾਵੇ ।

# ਪਾਠ–7
# ਕੁਝ ਹੋਰ ਸਮੱਸਿਆਵਾਂ ਵਾਲੇ ਬੱਚੇ

## ਮਸਤ ਮਲੰਗਤਾ - Autism

**Jennifer Humphries** ਦੇ ਅਨੁਸਾਰ ਜੇ ਬੱਚਿਆਂ ਦੀ ਪੂਰੀ ਸਮੱਰਥਾ ਬਣਾਉਣੀ ਹੈ ਤਾਂ **Autism ਆਟੀਜਮ** ਦੀ ਪਹਿਲਾਂ ਪਹਿਚਾਣ ਬਹੁਤ ਜਰੂਰੀ ਹੈ। ਆਟੀਜਮ ਵਿਕਾਸ ਸੰਬੰਧੀ ਬੇਤਰਤੀਬੀ ਹੈ ਜਿਸ ਨਾਲ ਬੱਚੇ ਉਤੇ ਜਨਮ ਤੋਂ ਜਾਂ ਜੀਵਨ ਦੇ ਮੁੱਢਲੇ ਸਮੇਂ ਤੋਂ ਅਸਰ ਹੋ ਜਾਂਦਾ ਹੈ। ਇਸ ਨਾਲ ਬੱਚੇ ਵਿਚ ਦੇਰੀ ਨਾਲ ਜਾਂ ਵੱਖਰੇ ਢੰਗ ਨਾਲ ਵਿਕਾਸ ਹੁੰਦਾ ਹੈ। ਇਹ ਵਿਵਹਾਰ ਦੇ ਹੇਠ ਲਿਖੇ ਤਿੰਨ ਖੇਤਰਾਂ ਵਿਚ ਹੁੰਦਾ ਹੈ: –

1) ਸਮਾਜਿਕ ਰਿਸ਼ਤੇ

2) ਭਾਸ਼ਾ ਅਤੇ ਗੱਲ ਬਾਤ ਦਾ ਆਦਾਨ ਪ੍ਰਦਾਨ

3) ਕਿਰਿਆਵਾਂ ਅਤੇ ਰੁਚੀਆਂ

4) ਜੇ ਇਨਾਂ ਖੇਤਰਾਂ ਵਿਚ ਵਾਧੇ ਸਮੇਂ ਮੁਸ਼ਕਿਲ ਆਉਂਦੀ ਹੈ ਤਾਂ ਆਟੀਜਮ ਦਾ ਢੰਗ ਸ਼ੁਰੂ ਹੋ ਜਾਂਦਾ ਹੈ।

***ਕਾਰਨ:-*** ਆਟੀਜਮ ਦਾ ਕਾਰਨ ਅਜੇ ਵੀ ਲੱਭਿਆ ਨਹੀ ਜਾ ਸਕਿਆ। ਆਮ ਤੌਰ ਤੇ ਦਿਮਾਗ ਨੂੰ ਨੁਕਸਾਨ ਪਹੁੰਚਦਾ ਹੈ। ਇਸ ਲਈ ਹੇਠ ਲਿਖੇ ਕਾਰਨ ਜ਼ਿੰਮੇਵਾਰ ਹੋ ਸਕਦੇ ਹਨ।

1) ਜੀਨ ਜਾਂ ਕ੍ਰੋਮੋਸੋਮ ਵਿੱਚ ਤਰੁੱਟੀ ਸੰਬੰਧੀ

2) ਵਾਈਰਸ ਕਾਰਕਾਂ ਕਰਕੇ।


3) ਢਾਹ ਉਸਾਰੀ ਕ੍ਰਿਆਵਾਂ ਸੰਬੰਧੀ ਬੇਤਰਤੀਬੀ

4) ਰੋਗ ਪ੍ਰਤੀਰੋਧੀ ਅਸੱਮਰਥਾ

5) ਜਨਮ ਤੋਂ ਪਹਿਲਾਂ ਆਕਸੀਜਨ ਦੀ ਕਮੀ।

ਇਨਾਂ ਕਾਰਨਾਂ ਨਾਲ ਹੋਰ ਕਈ ਤਰਾਂ ਦੀ ਵਿਕਲਾਂਗਤਾ ਵੀ ਹੋ ਸਕਦੀ ਹੈ ਜਿਸਦੇ ਅਨੁਸਾਰ ਆਟੀਜਮ ਵਾਲੇ ਬੱਚਿਆਂ ਵਿੱਚ ਸਿੱਖਣ ਸੰਬੰਧੀ ਵਿਕਾਰ ਵੀ ਹੋ ਸਕਦੇ ਹਨ। ਆਟੀਜਮ ਨਾੜੀਆਂ ਦੇ ਵਿਕਾਸ ਨਾਲ ਸੰਬੰਧਤ ਬੇਤਰਤੀਬੀ ਹੈ ਜਿਸ ਨਾਲ ਸਮਾਜਿਕ ਵਤੀਰਾ ਅਤੇ ਵਿਚਾਰਾਂ ਦੇ ਆਦਾਨ ਪ੍ਰਦਾਨ ਵਿੱਚ ਰੁਕਾਵਟ ਆਉਂਦੀ ਹੈ। ਬੱਚੇ ਵਿਚ ਇਹ ਸੰਕੇਤ ਤਿੰਨ ਸਾਲ ਦੀ ਉਮਰ ਤੋਂ ਪਹਿਲਾਂ ਹੀ ਸ਼ੁਰੂ ਹੋ ਜਾਂਦੇ ਹਨ।


# ਮਸਤ-ਮਲੰਗਤਾ (Autism) ਦੇ ਕੁਝ ਲੱਛਣ



ਸਲੀਕੇ ਵਿਚ ਉਦਾਸੀਨ




ਚੀਜ਼ਾਂ ਨਾਲ ਹੱਦ ਤੋਂ ਜ਼ਿਆਦਾ ਲਗਾਵ



ਕਿਸੇ ਦੇ ਬੁਲਾਉਣ ਤੇ ਬੇਧਿਆਨਾ ਰਹਿਣਾ ਜਿਵੇਂ ਉਸਨੂੰ ਸੁਣਾਈ ਨਾ ਦਿੰਦਾ ਹੋਵੇ




ਬੇਵਜ੍ਹਾ ਹੀ ਹੱਸੀ ਜਾਣਾ



ਅੱਖਾਂ ਨਾਲ ਅੱਖਾਂ ਮਿਲਾਉਣ 'ਚ ਅਸਮਰੱਥ



ਦੂਜੇ ਬੱਚਿਆਂ ਨਾਲ ਮਿਲਕੇ ਖੇਡਣ ਤੋਂ ਕਤਰਾਉਂਦਾ ਹੈ



ਉਂਗਲ ਦੇ ਸੰਕੇਤ ਨਾਲ ਆਪਣੀ ਰੁਚੀ ਨਹੀਂ ਪ੍ਰਗਟਾਉਂਦਾ




ਕਰ ਤਾਂ ਚੰਗਾ ਸਕਦਾ ਹੈ ਪਰ ਸਮਾਜਿਕ ਸੋਝੀ ਵਾਲਾ ਕੰਮ ਨਹੀਂ



ਖਤਰੇ ਤੇ ਭੈਅ ਦੀ ਕੋਈ ਸੋਝੀ ਨਹੀਂ




ਦੂਜਿਆਂ ਦੀ ਨਕਲ ਕਰਦਾ ਹੈ



ਖੇਡਦਾ ਹੋਇਆ ਵੀ ਖੇਡਦਾ ਨਹੀਂ ਲਗਦਾ



ਚੀਜ਼ਾਂ ਨੂੰ ਘੁਮੇਟਣੀਆਂ ਦੇ ਕੇ ਖ਼ੁਸ਼ ਹੁੰਦਾ ਹੈ



ਵੱਡਿਆਂ ਦਾ ਹੱਥ ਫੜ ਕੇ ਆਪਣੀ ਲੋੜ
ਦੀ ਚੀਜ਼ ਵਲ ਘੁਮਾਉਂਦਾ ਹੈ




ਨਿਚੱਲਾ ਨਹੀਂ ਬੈਠਦਾ ਭੱਜਿਆ ਫਿਰਦਾ ਹੈ
ਜਾਂ ਗੁੰਮਸੁੰਮ ਰਹਿੰਦਾ ਹੈ



ਬਿਨਾਂ ਕਿਸੇ ਕਾਰਨ ਰੋਈ ਜਾਂਦਾ ਹੈ

ਉਹੀ ਕੰਮ ਵਾਰ ਵਾਰ
ਕਰਦਾ ਹੈ ਤਬਦੀਲੀ
ਉਸਨੂੰ ਨਹੀਂ ਭਾਉਂਦੀ






ਆਮ ਅਧਿਆਪਨ
ਵਿਧੀਆਂ ਤੋਂ ਬੇਅਸਰ
ਰਹਿੰਦਾ ਹੈ

ਜੱਫੀ ਪਾਉਣ ਜਾਂ ਛੂਹਣਾ
ਪਸੰਦ ਨਹੀਂ ਕਰਦਾ





ਐਵੇਂ ਹੱਥ ਹਿਲਾਉਂਦਾ ਜਾਂ
ਟੱਪਦਾ ਰਹਿੰਦਾ ਹੈ

| ਲੜੀ | ਮਸਤ ਮਲੰਗਤਾ ਵਾਲੇ ਬੱਚੇ ਦੀ ਪਹਿਚਾਣਤਾ ਦੇ ਲੱਛਣ | ਹਾਂ | ਨਹੀਂ |
|---|---|---|---|
| 1 | ਕੀ ਬੱਚੇ ਨੂੰ ਕਿਸੇ ਨਾਲ ਅੱਖਾਂ ਮਿਲਾਣ ਅਤੇ ਇੱਕ ਥਾਂ ਟਿਕਾ ਕੇ ਦੇਖਣ ਵਿੱਚ ਮੁਸ਼ਕਲ ਆਉਂਦੀ ਹੈ? | | |
| 2 | ਕੀ ਬੱਚਾ ਪ੍ਰਸ਼ਨ ਦਾ ਉੱਤਰ ਦੇਣ ਦੀ ਥਾਂ ਉਹੀ ਪ੍ਰਸ਼ਨ ਜਾਂ ਸ਼ਬਦ ਦੁਹਰਾਉਂਦਾ ਹੈ ਜੋ ਉਸਨੂੰ ਪੁੱਛਿਆ ਜਾਂਦਾ ਹੈ? | | |
| 3 | ਕੀ ਬੱਚਾ ਉਲਟ ਸ਼ਬਦ ਬੋਲਦਾ ਹੈ ਜਿਵੇ ਮੈਂ ਦੀ ਜਗ੍ਹਾ ਤੂੰ? | | |
| 4 | ਕੀ ਬੱਚੇ ਨੂੰ ਆਪਣੇ ਹਾਣੀਆਂ ਨਾਲ ਖੇਡਣ ਵਿੱਚ ਮੁਸ਼ਕਲ ਆਉਂਦੀ ਹੈ? | | |
| 5 | ਕੀ ਬੱਚਾ ਕਿਸੇ ਹੋਰ ਵੱਲੋਂ ਕੀਤੇ ਇਸ਼ਾਰੇ ਨੂੰ ਸਮਝ ਸਕਦਾ ਹੈ? | | |
| 6 | ਕੀ ਬੱਚਾ ਇੱਕਲਾ ਇੱਕਲਾ ਰਹਿੰਦਾ ਹੈ? | | |
| 7 | ਕੀ ਬੱਚਾ ਆਪਣਾ ਨਾਮ ਸੁਣਨ ਤੇ ਇੱਕਦਮ ਵੇਖਦਾ ਹੈ? | | |
| 8 | ਕੀ ਬੱਚਾ ਇੱਕੋ ਤਰ੍ਹਾਂ ਦੀਆਂ ਆਦਤਾਂ ਦੁਹਰਾਉਂਦਾ ਹੈ ਜਿਵੇਂ ਵਾਰ ਵਾਰ ਤਾੜੀ ਵਜਾਉਣਾ, ਹੱਥਾਂ ਨੂੰ ਘੁੱਟਣਾ ਅਤੇ ਘੁੰਮਣਾ ਆਦਿ? | | |
| 9 | ਕੀ ਬੱਚਾ ਵਾਰ ਵਾਰ ਉਹੀ ਸਵਾਲ ਪੁੱਛ ਜਾਂ ਵਾਧੂ ਸਵਾਲ ਪੁੱਛ ਕੇ ਜਮਾਤ ਨੂੰ Disturb ਕਰਦਾ ਹੈ ? | | |
| 10 | ਕੀ ਬੱਚਾ ਕਿਸੇ ਪਹਿਲਾਂ ਲਈ ਹੋਈ ਚੀਜ਼, ਟਾਪਿਕ ਜਾਂ ਗਤੀਵਿਧੀ ਤੇ ਅੜਿਆ ਰਹਿੰਦਾ ਹੈ? | | |
| 11 | ਕੀ ਬੱਚੇ ਵਿੱਚ ਅੰਕਾਂ, ਤਾਰੀਖਾਂ, ਫੋਨ-ਨੰਬਰਾਂ ਅਤੇ ਨਾਂ ਆਦਿ ਯਾਦ ਰੱਖਣ ਦੀ ਅਨੋਖੀ ਜਾਂ ਜ਼ਿਆਦਾ ਯਾਦ ਸ਼ਕਤੀ ਹੈ? | | |
| 12 | ਕੀ ਬੱਚਾ ਇੱਕੋ ਤਰ੍ਹਾਂ ਦੀ ਸੀਟ, ਵਿਸ਼ੇ ਅਤੇ ਵਿਦਿਆਰਥੀਆਂ ਨੂੰ ਪਸੰਦ ਕਰਦਾ ਹੈ? | | |
| 13 | ਕੀ ਬੱਚੇ ਵਿੱਚ ਆਪਣੀਆਂ ਅੱਖਾਂ ਅਤੇ ਕੰਨਾਂ ਨੂੰ ਬੰਦ ਕਰਕੇ ਵਸਤੂਆਂ ਨੂੰ ਛੂਹ ਕੇ/ਸੁੰਘ ਕੇ ਦੱਸਣ ਦੀ ਅਨੋਖੀ ਸ਼ਕਤੀ ਹੈ? | | |
| 14 | ਕੀ ਬੱਚਾ ਇਹ ਦੱਸਣ ਵਿੱਚ ਅਸਮੱਰਥ ਹੋਵੇ ਕਿ ਉਹ ਗੁੱਸੇ, ਉਦਾਸੀ ਜਾਂ ਦੁੱਖ ਵਿੱਚ ਕਿਉਂ ਹੈ? | | |

**ਨੋਟ-** ਉਪਰੋਕਤ ਲਿਖੇ ਲੱਛਣਾਂ ਵਿੱਚੋਂ ਕੋਈ ਵੀ ਤਿੰਨ ਜਾਂ ਚਾਰ ਲੱਛਣ ਬੱਚੇ ਵਿਚ ਨਜ਼ਰ ਆਉਣ ਤਾਂ ਬੱਚੇ ਵਿੱਚ ਮਸਤ ਮਲੰਗਤਾ ਦੇ ਅੰਸ਼ ਹੋ ਸਕਦੇ ਹਨ।

ਮਸਤ ਮਲੰਗ ਬੱਚਿਆਂ ਨੂੰ ਪੜ੍ਹਾਉਣ ਦੇ ਢੰਗ ਵਿਸਤ੍ਰਿਤ ਐਜੂਕੇਸਨ ਪ੍ਰੋਗਰਾਮ ਅਤੇ ਵਿਵਹਾਰਿਕ ਪ੍ਰਬੰਧਨ ਨਾਲ ਬੱਚਿਆਂ ਨੂੰ ਅਪਣਾ ਧਿਆਨ ਕਰਨ, ਸਮਾਜਿਕ ਨਿਪੁੰਨਤਾਵਾਂ ਅਤੇ ਕੰਮ ਲਈ ਨਿਪੁੰਨਤਾਵਾਂ ਹਾਸਿਲ ਕਰਵਾਈਆਂ ਜਾ ਸਕਦੀਆਂ ਹਨ। ਇਸ ਨਾਲ ਬੱਚੇ ਦੁਆਰਾ ਕੀਤੇ ਗਏ ਕੰਮ ਕਾਜ ਨੂੰ ਵੀ ਵਧੀਆ ਬਣਾਇਆ ਜਾ ਸਕਦਾ ਹੈ ਅਤੇ ਲੱਛਣਾਂ ਦੀ ਤੀਬਰਤਾ ਨੂੰ ਘਟਾਇਆ ਜਾ ਸਕਦਾ ਹੈ।

*Applied Behaviour Analysis (ABA) ,ਵਿਕਾਸ* ਲਈ ਮਾਡਲ, ਰਚਨਾਤਮਕ ਅਧਿਆਪਨ, ਬੋਲਣਾ ਅਤੇ ਭਾਸ਼ਾ ਦੇ ਵਿਕਾਸ ਲਈ ਇਲਾਜ, **(Speech & Language Therapy)** ਸਮਾਜਿਕ ਨਿਪੁੰਨਤਾਵਾਂ ਰਾਹੀ ਇਲਾਜ, ਵਿਵਸਾਇਕ ਇਲਾਜ ਆਦਿ ਰਾਹੀਂ ਬੱਚੇ ਦਾ ਕਾਫ਼ੀ ਹੱਦ ਤੱਕ ਵਿਕਾਸ ਕੀਤਾ ਜਾ ਸਕਦਾ ਹੈ।

## ADHD (Attention Deficit Hyperactive Disorder)

### ਧਿਆਨ ਕੇਂਦਰਤ ਕਰਨ ਸਬੰਧੀ ਸਮੱਸਿਆ:-

ਸਿੱਖਿਆ ਸਬੰਧੀ ਸਮੱਸਿਆ ਵਾਲੇ ਬੱਚੇ, ਜਿਨ੍ਹਾਂ ਨੂੰ ਧਿਆਨ ਕੇਂਦਰਤ ਕਰਨ ਸਬੰਧੀ ਸਮੱਸਿਆ ਹੈ, ਮਨ ਮੌਜੀ ਤੇ ਬੇਚੈਨ ਹੁੰਦੇ ਹਨ, ਬਹੁਤ ਘੱਟ ਸਮੇਂ ਲਈ ਧਿਆਨ ਕੇਂਦਰਤ ਕਰ ਸਕਦੇ ਹਨ ਤੇ ਹਮੇਸ਼ਾ ਚਲਦੇ-ਫਿਰਦੇ ਰਹਿੰਦੇ ਹਨ। ਅਜਿਹੇ ਬੱਚਿਆਂ ਦੇ ਕੁੱਝ ਲੱਛਣ ਹੇਠ ਲਿਖੇ ਹੋ ਸਕਦੇ ਹਨ:-

| ਲੜੀ ਨੰ | ਲੱਛਣ | ਹਾਂ | ਨਹੀਂ |
|---|---|---|---|
| 1 | ਬੱਚਾ ਟਿਕ ਕੇ ਬੈਠ ਸਕਦਾ ਹੈ ਜਾਂ ਖੜਾ ਹੋ ਸਕਦਾ ਹੈ। | | |
| 2 | ਲਾਇਨਾਂ ਵਿੱਚ ਖੜੇ ਹੋਣ ਵਿੱਚ ਮੁਸ਼ਕਲ ਮਹਿਸੂਸ ਕਰਦਾ ਹੈ। | | |
| 3 | ਗੈਰ ਢੁੱਕਵੇਂ stimulues ਤੋਂ ਛੇਤੀ ਧਿਆਨ ਹਟਾ ਲੈਂਦਾ ਹੈ। | | |
| 4 | ਬੈਗ, ਲੰਚ ਬਾਕਸ, ਪੈਨ, ਪੈਨਸਿਲ ਆਦਿ ਨੂੰ ਤਰਤੀਬਵਾਰ ਰੱਖਦਾ ਹੈ। | | |
| 5 | ਨਤੀਜੇ ਨੂੰ ਸੋਚੇ ਬਿਨਾ ਛੇਤੀ ਹੀ ਬੋਲ ਦਿੰਦਾ ਹੈ ਜਾਂ ਹਰਕਤ ਕਰ ਦਿੰਦਾ ਹੈ। | | |
| 6 | ਅਜਿਹਾ ਬੱਚਾ ਆਪਣੇ ਆਪ ਨੂੰ ਲਾਇਨ ਵਿੱਚ ਸਭ ਤੋਂ ਅੱਗੇ ਰੱਖਦਾ ਹੈ ਇਹ ਨਹੀਂ ਸੋਚਦਾ ਕਿ ਕਿਸੇ ਨੂੰ ਧੱਕਾ ਲੱਗਦਾ ਹੈ। | | |

ਨੋਟ:- ਜੇਕਰ ਉਪਰੋਕਤ ਲਿਖੇ ਲੱਛਣਾਂ ਵਿੱਚੋਂ ਤਿੰਨ ਚਾਰ ਦਾ ਜਵਾਬ ਵੀ ਹਾਂ ਪੱਖੀ ਹੈ ਤਾਂ ਬੱਚਾ ਉਪਰੋਕਤ ਸਮੱਸਿਆ ਵਾਲਾ ਹੋ ਸਕਦਾ ਹੈ।

## ADHD ਬੱਚਿਆਂ ਨੂੰ ਪੜ੍ਹਾਉਣ ਦੇ ਢੰਗ:-

**ADHD** ਵਾਲੇ ਬੱਚਿਆਂ ਦਾ **attention span** ਹੁੰਦਾ ਹੈ। ਸ਼ੁਰੂ ਵਿੱਚ ਉਹ ਕੰਮ ਵੱਲ ਧਿਆਨ ਦੇ ਸਕਦੇ ਹਨ, ਪਰ ਉਨ੍ਹਾਂ ਦਾ ਧਿਆਨ ਛੇਤੀ ਹੀ ਵੰਡ ਜਾਂਦਾ ਹੈ, ਅਧਿਆਪਕ ਬੱਚਿਆਂ ਦਾ ਧਿਆਨ ਕੇਂਦਰਤ ਕਰਨ ਲਈ ਕਈ ਕਦਮ ਚੁੱਕ ਸਕਦਾ ਹੈ। ਇਸ ਲਈ ਕਈ ਢੰਗ ਅਪਣਾਏ ਜਾ ਸਕਦੇ ਹਨ ਜਿਵੇਂ ਕੰਮ ਨੂੰ ਛੋਟਾ ਕਰਨਾ, ਕੰਮ ਨੂੰ ਮਨੋਰੰਜਨ ਤਰੀਕੇ ਨਾਲ ਕਰਨਾ, ਕੰਮ ਦਾ ਨਵੀਕਰਨ ਕਰਨਾ।

## ਪਾਠਕ੍ਰਮ ਨੂੰ ਬਦਲਣਾ:

ਪਾਠਕ੍ਰਮ ਦੇ ਕਈ ਹਿੱਸਿਆ ਨੂੰ ਬਦਲਿਆ, ਠੀਕ ਕੀਤਾ ਤੇ ਅਨੁਕੂਲਿਤ ਕੀਤਾ ਜਾ ਸਕਦਾ ਹੈ। ਕਈ ਹਾਲਤਾਂ ਵਿੱਚ ਥੋੜ੍ਹੀ ਜਿਹੀ ਤਬਦੀਲੀ ਹੀ ADHD ਵਾਲੇ ਬੱਚਿਆਂ ਲਈ ਲਾਭਦਾਇਕ ਹੋ ਸਕਦਾ ਹੈ। ਇਨ੍ਹਾਂ ਬੱਚਿਆਂ ਨੂੰ ਉਕਸਾਉਣ ਵਾਲਾ (active) ਪਾਠਕ੍ਰਮ ਚਾਹੀਦਾ ਹੈ ਜਿਸ ਨਾਲ ਉਨ੍ਹਾਂ ਦਾ ਧਿਆਨ ਖਿੱਚਿਆ ਜਾ ਸਕੇ ਅਤੇ ਉਨ੍ਹਾਂ ਨੂੰ ਆਪਣਾ ਕੰਮ ਪੂਰਾ ਕਰਨ ਲਈ ਪ੍ਰੇਰਿਤ ਕੀਤਾ ਜਾ ਸਕੇ। ਇਸ ਲਈ ਆਮ ਸੁਝਾਅ ਹੇਠ ਲਿਖੇ ਹੋ ਸਕਦੇ ਹਨ :-

- ਮਨੋਰੰਜਕ ਸਮੱਗਰੀ ਦੀ ਵਰਤੋਂ ਕਰੋ।
- ਪੜ੍ਹਨ ਸਮਗਰੀ ਅਤੇ ਕਿਤਾਬਾਂ ਦਾ difficulty level ਚੈਕ ਕਰੋ ਤਾਂ ਜੋ ਇਹ ਪਤਾ ਲਗ ਸਕੇ ਕਿ ਉਹ ਬੱਚਿਆਂ ਦੇ ਪੱਧਰ ਦਾ ਹੈ ਜਾਂ ਨਹੀਂ
- ਜਿੱਥੋ ਤੱਕ ਹੋ ਸਕੇ ਹੱਥ ਨਾਲ ਵਰਤੀ ਜਾਣ ਵਾਲੀ ਸਮੱਗਰੀ ਦੀ ਵਰਤੋਂ ਕਰੋ।
- Abstract concepts ਪੜ੍ਹਾਉਣ ਲਈ concrete base ਬਣਾਉ।
- ਪਾਠ ਸੁਰੂ ਕਰਨ ਤੋਂ ਪਹਿਲਾਂ ਨਵਾਂ ਸ਼ਬਦਕੋਸ਼ ਬੱਚਿਆਂ ਨੂੰ ਦੱਸੋ।
- learning aids ਦੀ ਵਰਤੋਂ ਕਰੋ।
- ਪਾਠਕ੍ਰਮ ਦੀਆਂ ਵਰਕ ਸ਼ੀਟਾਂ ਨੂੰ ਠੀਕ ਕਰੋ ਤਾਂ ਜੋ ਹਰ ਸਫੇ ਤੇ ਘੱਟ ਸਮੱਗਰੀ ਆਵੇ।
- Assignment ਨੂੰ ਛੋਟੇ ਹਿੱਸਿਆਂ ਵਿੱਚ ਤੋੜਿਆ ਜਾਵੇ।

## ਬੱਚੇ ਦੀ ਸੁਣਨ ਦੀ ਯੋਗਤਾ ਨੂੰ ਵਧਾਉਣਾ:

ADHD ਵਿਦਿਆਰਥੀ ਅਕਸਰ ਮਹੱਤਵਪੂਰਨ ਨਿਰਦੇਸ਼ਾਂ ਨੂੰ ਛੱਡ ਜਾਂਦੇ ਹਨ ਕਿਉਂਕਿ ਉਨ੍ਹਾਂ ਦਾ ਧਿਆਨ ਛੇਤੀ ਹੀ ਵੰਡ ਜਾਂਦਾ ਹੈ। ਜਦੋਂ ਅਧਿਆਪਕ ਬੱਚਿਆਂ ਨੂੰ ਸੁਣਨ ਲਈ ਕਹਿੰਦੇ ਹਨ ਤਾਂ ਉਨ੍ਹਾਂ ਦਾ ਮਤਲਬ ਹੁੰਦਾ ਹੈ ਕਿ ਉਹ ਗੱਲ ਨੂੰ ਸਮਝਣ। ਹੇਠ ਲਿਖੀਆਂ ਨੀਤੀਆਂ ਬੱਚਿਆ ਨੂੰ ਵਧੀਆ ਸੁਣਨ ਸਬੰਧੀ ਨਿਪੁੰਨਤਾਵਾਂ ਪ੍ਰਾਪਤ ਕਰਨ ਵਿੱਚ ਮੱਦਦ ਕਰ ਸਕਦੀਆਂ ਹਨ:

- ਬੱਚੇ ਨਾਲ ਗੱਲ ਕਰਦੇ ਸਮੇਂ ਛੋਟੇ ਤੇ ਸਰਲ ਵਾਕ ਵਰਤੋ।
- ਇਸ ਗੱਲ ਨੂੰ ਯਕੀਨੀ ਬਣਾਉ ਕਿ ਵਰਤੇ ਜਾ ਰਹੇ ਸ਼ਬਦ ਢੁੱਕਵੇਂ ਹੋਣ।

- ਇੱਕੋ ਸਮੇਂ ਇਸ ਨਿਰਦੇਸ਼ ਹੀ ਦਿਉ। ਪੇਸ਼ ਕਰਨ ਦੀ ਦਰ ਨੂੰ ਘਟਾਓ।
- ਜਦੋਂ ਜਰੂਰੀ ਹੋਵੇ, ਤਾਂ ਕਾਰਜ ਨੂੰ ਦੁਹਰਾਓ।
- ਬੱਚੇ ਨੂੰ ਨਿਰਦੇਸ਼ ਸੁਣਨ ਤੋਂ ਬਾਅਦ ਦੁਹਰਾਉਣ ਲਈ ਉਕਸਾਓ।
- Key phrases ਦੀ ਵਰਤੋਂ ਕਰਕੇ ਬੱਚੇ ਨੂੰ ਸਾਵਧਾਨ ਰਖੋ, ਜਿਵੇਂ "ਇਹ ਮਹੱਤਵਪੂਰਨ" "ਧਿਆਨ ਨਾਲ ਸੁਣੋ" ਆਦਿ।
- ਬਲੈਕਬੋਰਡ ਤੇ ਨਿਰਦੇਸ਼ਾਂ ਦਾ ਸਾਰ ਲਿਖ ਦਿਉ।
- ਜਮਾਤ ਵਿੱਚ ਮੁਕਾਬਲੇ (competition) ਦੇ ਦਬਾਅ ਨੂੰ ਘਟਾਓ।

## ਹੌਲੀ ਸਿੱਖਣ ਵਾਲਾ ਬੱਚਾ (Slow Learners)

ਹੌਲੀ ਸਿੱਖਣ ਵਾਲਾ ਬੱਚਾ ਔਸਤ ਬੁੱਧੀ ਵਾਲੇ ਬੱਚੇ ਤੋਂ ਘੱਟ ਬੁੱਧੀ ਵਾਲਾ ਹੁੰਦਾ ਹੈ ਜਿਸ ਵਿੱਚ ਸੋਚਣ ਦੀਆਂ ਨਿਪੁੰਨਤਾਵਾਂ ਅਪਣੀ ਉਮਰ ਦੇ ਦੂਜੇ ਬੱਚਿਆਂ ਨਾਲੋਂ ਦੇਰੀ ਨਾਲ ਵਿਕਸਤ ਹੁੰਦੀਆਂ ਹਨ। ਹੌਲੀ ਸਿੱਖਣ ਵਾਲੇ ਬੱਚਿਆਂ ਵਿੱਚ ਮੁੱਢਲੀਆਂ ਵਿਕਾਸ ਦੀਆਂ ਹਾਲਤਾਂ ਆਮ ਬੱਚਿਆਂ ਵਰਗੀਆਂ ਹੀ ਹੁੰਦੀਆਂ ਹਨ ਪਰ ਇਨ੍ਹਾਂ ਬੱਚਿਆਂ ਵਿਚ ਵਿਕਾਸ ਦੀ ਦਰ ਘੱਟ ਹੁੰਦੀ ਹੈ। ਹੌਲੀ ਸਿੱਖਣ ਵਾਲੇ ਬੱਚੇ ਵਿੱਚ ਅਕਾਦਮਿਕ ਨਿਪੁੰਨਤਾਵਾਂ ਸਿੱਖਣ ਦੀ ਯੋਗਤਾ ਅਪਣੀ ਉਮਰ ਦੇ ਦੂਜੇ ਬੱਚਿਆਂ ਵਾਗ ਹੀ ਹੁੰਦੀ ਹੈ ਪਰੰਤੂ ਸਿੱਖਣ ਦੀ ਦਰ ਘੱਟ ਹੁੰਦੀ ਹੈ। ਹੌਲੀ ਸਿੱਖਣ ਵਾਲੇ ਵਿਦਿਆਰਥੀ ਨੂੰ ਨਵੀਆਂ ਧਾਰਨਾਵਾਂ ਸਿੱਖਣ ਲਈ ਜਿਆਦਾ ਸਮੇਂ ਅਤੇ ਦੁਹਰਾਈ ਦੀ ਲੋੜ ਹੁੰਦੀ ਹੈ। ਇੱਥੋਂ ਤੱਕ ਕਿ ਅਧਿਆਪਕਾਂ ਤੋਂ ਵੀ ਵਾਧੂ ਸਹਾਇਤਾ ਦੀ ਲੋੜ ਹੁੰਦੀ ਹੈ।

## ਹੌਲੀ ਸਿੱਖਣ ਵਾਲੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ - (ਸਲੋ ਲਰਨਰਜ਼)

ਜੇਕਰ ਬੱਚੇ ਦਾ IQ 70-90% ਹੈ ਤਾਂ ਇਹ ਹੌਲੀ ਸਿੱਖਣ ਵਾਲੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਨਿਸ਼ਾਨੀ ਹੈ, ਜੇ ਹੇਠ ਲਿਖੇ ਲੱਛਣ ਹਨ ਤਾਂ ਵੀ ਇਹ ਹੌਲੀ ਸਿੱਖਣ ਵਾਲਾ ਵਿਸ਼ੇਸ਼ ਲੋੜਾਂ ਵਾਲਾ ਬੱਚਾ ਹੈ।

| ਲੜੀ ਨੰ: | ਲੱਛਣ | ਹਾਂ | ਨਹੀਂ |
|---|---|---|---|
| 1 | ਕੀ ਬੱਚੇ ਦਾ ਦੇਰ ਨਾਲ ਵਿਕਸਿਤ ਹੋਣਾ ਉਸ ਦੇ ਬਿਮਾਰ ਰਹਿਣ, ਦਿਮਾਗੀ ਸੱਟ ਲੱਗਣ ਜਾਂ ਫਿੱਟ ਪੈਣ ਦੇ ਨਾਲ-ਨਾਲ ਉਸ ਵੱਲ 6 ਸਾਲ ਦੀ ਉਮਰ ਤੋਂ ਪਹਿਲਾਂ ਘੱਟ ਧਿਆਨ ਦੇਣ ਦਾ ਵੀ ਪਿਛੋਕੜ ਹੈ? | | |
| 2 | ਕੀ ਬੱਚਾ ਆਪਣੇ ਹਾਣੀਆਂ/ਜਮਾਤੀਆਂ ਦੇ ਮੁਕਾਬਲੇ ਕਿਸੇ ਕੰਮ ਨੂੰ ਕਰਨ ਲਈ ਜ਼ਿਆਦਾ ਸਮਾਂ ਲੈਂਦਾ ਹੈ? | | |
| 3 | ਕੀ ਬੱਚਾ ਖਾਸ ਧਿਆਨ ਦੇਣ ਤੇ ਵੀ 40-45% ਵਿਚਕਾਰ ਹੀ ਨੰਬਰ ਲੈਂਦਾ ਹੈ? | | |
| 4 | ਕੀ ਬੱਚਾ ਆਪਣੇ ਦੋਸਤਾਂ/ਹਾਣੀਆਂ/ ਜਮਾਤੀਆਂ, ਮਾਪਿਆਂ ਜਾਂ ਅਧਿਆਪਕਾਂ ਨਾਲ ਗੱਲਬਾਤ ਕਰਨ ਲਈ ਬਹੁ ਘੱਟ ਸ਼ਬਦਾਂ ਦੀ ਵਰਤੋਂ ਕਰਦਾ ਹੈ? | | |

| | | | |
|---|---|---|---|
| 5 | ਕੀ ਬੱਚਾ ਪ੍ਰੈਕਟੀਕਲੀ ਕੰਮ ਕਰਨ ਲਈ ਵਾਰ-ਵਾਰ ਕਹਾਉਂਦਾ ਹੈ ਜਾਂ ਉਸਨੂੰ ਪਾਠਕ੍ਰਮ ਛੋਟੇ-ਛੋਟੇ ਹਿੱਸਿਆਂ ਵਿੱਚ ਤੋੜ ਕੇ ਦੇਣ ਤੇ ਹੀ ਸਿੱਖਦਾ ਹੈ? | | |
| 6 | ਕੀ ਬੱਚੇ ਦਾ ਆਮ ਤੌਰ ਤੇ ਆਪਣੇ ਸਾਥੀਆਂ/ਦੋਸਤਾਂ ਨਾਲ ਵਰਤਾਓ ਤਨਾਅ ਵਾਲਾ ਰਹਿੰਦਾ ਹੈ ਅਤੇ ਗੁੱਸੇ ਹੋ ਕੇ ਗਾਲ੍ਹਾਂ ਕੱਢਦਾ ਰਹਿੰਦਾ ਹੈ? | | |
| 7 | ਕੀ ਬੱਚੇ ਦੀ ਕਲਾਸ ਵਿੱਚ ਲਿਖਣ ਦੇ ਮੁਕਾਬਲੇ ਜ਼ਬਾਨੀ/ਬੋਲਕੇ ਉੱਤਰ ਦੇਣ ਵਿੱਚ ਵਧੀਆ ਕਾਰਗੁਜ਼ਾਰੀ ਹੈ? | | |
| 8 | ਕੀ ਬੱਚਾ ਅੱਖਰਾਂ ਦੀ ਬਣਤਰ ਸਹੀ ਤੇ ਸਾਫ਼ ਲਿਖਦਾ ਹੈ? | | |

ਨੋਟ:- ਜੇਕਰ ਉਪਰੋਕਤ ਲਿਖੇ ਲੱਛਣਾਂ ਵਿੱਚੋਂ ਤਿੰਨ ਚਾਰ ਦਾ ਜਵਾਬ ਵੀ ਹਾਂ ਪੱਖੀ ਹੈ ਤਾਂ ਬੱਚਾ **Slow Learner** ਦੀ ਸ਼੍ਰੇਣੀ ਵਿੱਚ ਆਵੇਗਾ।

**ਕਲਾਸ-ਰੂਮ ਪ੍ਰਬੰਧਨ ਅਤੇ ਪੜ੍ਹਾਉਣ-ਸੰਬੰਧੀ ਨੀਤੀਆਂ:-**

ਹੌਲੀ ਸਿੱਖਣ ਵਾਲੇ ਬੱਚਿਆਂ ਦੀ ਯਾਦ-ਸ਼ਕਤੀ ਕਮਜ਼ੋਰ ਹੁੰਦੀ ਹੈ, ਇਨ੍ਹਾਂ ਦਾ ਇੱਕ ਵਿਸ਼ੇ ਤੇ ਧਿਆਨ ਕੇਂਦਰਤ ਕਰਨ ਦਾ ਸਮਾਂ (attention span) ਘੱਟ ਹੁੰਦਾ ਹੈ ਅਤੇ ਉਹ ਇੱਕ ਟਾਪਿਕ ਤੇ ਲੰਬੇ ਸਮੇਂ ਤੱਕ ਧਿਆਨ ਨਹੀਂ ਦੇ ਸਕਦੇ। ਇਸ ਲਈ ਅਜਿਹੇ ਬੱਚਿਆਂ ਲਈ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ:-

- ਅਜਿਹੇ ਬੱਚੇ ਨੂੰ ਕੰਮ ਕਰਨ ਲਈ ਸ਼ਾਂਤ ਥਾਂ ਦਿਉ ਤਾਂ ਜੋ ਉਸਨੂੰ ਅਸਾਨੀ ਨਾਲ ਦੇਖਿਆ ਜਾ ਸਕੇ ਅਤੇ ਪ੍ਰੇਰਿਤ ਕੀਤਾ ਜਾ ਸਕੇ।
- ਕਰਵਾਏ ਗਏ ਕਾਰਜ ਦੀ ਵਾਰ-ਵਾਰ ਦੁਹਰਾਈ ਕਰਵਾਓ ਇਸ ਨਾਲ ਧਾਰਨਾ ਨੂੰ ਅਸਲ ਰੂਪ ਦੇਣ ਵਿੱਚ ਮਦਦ ਮਿਲਦੀ ਹੈ।
- ਬੱਚੇ ਨੂੰ ਹੋਰ ਕਿਰਿਆਵਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕਰੋ ਤਾਂ ਜੋ ਬੱਚਾ ਸਫ਼ਲਤਾ ਨੂੰ ਮਾਣ ਸਕੇ।
- ਸਾਥੀਆਂ/ਜਮਾਤੀਆਂ ਦੁਆਰਾ ਪੜ੍ਹਾਉਣ ਦੀ ਕਿਰਿਆ ਨੂੰ ਉਤਸ਼ਾਹਿਤ ਕਰੋ।
- ਵੱਖਰੇ ਤੌਰ ਤੇ ਨਿਰਦੇਸ਼ ਵੀ ਦਿਉ।
- ਅਜਿਹੇ ਬੱਚੇ ਨੂੰ ਪੜ੍ਹਨ-ਸੰਬੰਧੀ ਨਿਪੁੰਨਤਾਵਾਂ ਸਿਖਾਓ ਤਾਂ ਜੋ ਉਹ ਪੜ੍ਹਾਈ ਵਿੱਚ ਪ੍ਰਭਾਵਸ਼ਾਲੀ ਯੋਗਤਾ ਹਾਸਲ ਕਰ ਸਕੇ।
- ਅਤੀ-ਜਰੂਰੀ ਧਾਰਨਾਵਾਂ ਜਰੂਰ ਸਿਖਾਓ ਅਤੇ ਕੁਝ-ਕੁ ਘੱਟ ਮਹੱਤਵਪੂਰਨ ਧਾਰਨਾਵਾਂ ਨੂੰ ਛੱਡ ਦਿਉ।

- ਅਧਿਆਪਕ ਵੱਖਰੇ ਤੌਰ ਤੇ ਵੀ ਅਜਿਹੇ ਬੱਚੇ ਨੂੰ ਪੜ੍ਹਾਏ ਤਾਂ ਜੋ ਮੁੱਢਲੀਆਂ ਨਿਪੁੰਨਤਾਵਾਂ ਸਿੱਖਣ ਵਿਚਲੀ ਵਿੱਥ ਨੂੰ ਪੂਰਾ ਕੀਤਾ ਜਾ ਸਕੇ।
- ਘਰ ਦੇ ਕੰਮ (Home assignment) ਦਾ ਕਾਰਜਕਾਲ ਛੋਟਾ ਕਰੋ।
- ਸਿਖਾਉਣ ਲਈ ਵੱਖ-ਵੱਖ ਤਰ੍ਹਾਂ ਦੀਆਂ ਕਿਰਿਆਵਾਂ ਕਰਵਾਓ ਜਿਵੇਂ ਕਿਸੇ ਪੜ੍ਹਨ-ਸੰਬੰਧੀ ਦੀ ਤਸਵੀਰ ਬਣਾਉਣਾ।
- ਜਦੋਂ ਬੱਚਾ ਕੰਮ ਕਰ ਰਿਹਾ ਹੋਵੇ ਤਾਂ ਉਸ ਨੂੰ ਸਬੰਧਤ ਪ੍ਰਸ਼ਨ ਜਰੂਰ ਪੁੱਛੋ।
- ਅਧੂਰੇ ਛੱਡੇ ਕੰਮਾਂ ਦਾ ਇਨਾਮ ਨਾ ਦਿਉ।
- ਸਹਿਣਸ਼ੀਲ ਪਰੰਤੂ ਦ੍ਰਿੜ੍ਹ ਰਹੋ।

## ਸੈਰੀਬਰਲ ਪਾਲਸੀ (CEREBRAL PALSY)

ਬੱਚੇ ਨੂੰ ਇਕ ਪੂਰਨ ਵਿਅਕਤੀ ਦੇ ਤੌਰ ਤੇ ਦੇਖਣਾ ਚਾਹੀਦਾ ਹੈ ਤੇ ਹਰ ਖੇਤਰ ਵਿੱਚ ਉਸਦੇ ਵਾਧੇ ਸੰਬੰਧੀ ਲੋੜਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਇਸ ਵਿਚ ਸਰੀਰਿਕ, ਮਾਨਸਿਕ, ਭਾਸ਼ਾ ਸੰਬੰਧੀ ਸਮਾਜਿਕ ਅਤੇ ਬੋਧਿਕ ਵਿਕਾਸ ਆ ਜਾਂਦੇ ਹਨ।

ਸੈਰੀਬਰਲ ਪਾਲਸੀ ਦਾ ਮੁੱਖ ਅਸਰ ਚੱਲਣ ਫਿਰਨ ਵਿਚ ਮੁਸ਼ਕਿਲ ਤੇ ਪੈਂਦਾ ਹੈ, ਜਿਵੇਂ ਚੱਲਣ ਫਿਰਨ ਵਿੱਚ, ਖਾਣ ਪੀਣ ਵਿੱਚ, ਗੱਲ ਕਰਨ ਵਿੱਚ ਅਤੇ ਹੱਥਾਂ ਦੇ ਇਸਤੇਮਾਲ ਵਿਚ। ਕਈ ਬੱਚੇ ਸਹਾਰੇ ਤੋਂ ਬਿਨਾਂ ਬੈਠ ਨਹੀਂ ਸਕਦੇ ਅਤੇ ਉਨਾਂ ਨੂੰ ਮਦਦ ਦੀ ਲੋੜ ਪੈਂਦੀ ਹੈ।

ਦੇਖਣ ਅਤੇ ਸੁਣਨ ਵਿਚ ਵਿਕਾਰ, ਚੀਜ਼ਾਂ ਨੂੰ ਠੀਕ ਢੰਗ ਨਾਲ ਪਕੜ ਸਕਣ ਅਤੇ ਮਾਨਸਿਕ ਤੌਰ ਤੇ ਵਿਕਾਰ ਕਿਸੇ ਵੀ ਪ੍ਰਕਾਰ ਦੀ C.P. ਵਿਚ ਹੋ ਸਕਦੇ ਹਨ। ਜਿਵੇਂ ਜਿਵੇਂ ਬੱਚਾ ਵੱਧਦਾ ਹੈ, ਹੋਰ ਤਕਲੀਫ਼ਾਂ ਵੀ ਦਿਖਣ ਲੱਗ ਜਾਂਦੀਆਂ ਹਨ।

ਸੈਰੀਬਰਲ ਪਾਲਸੀ ਵਾਲੇ ਕਈ ਬੱਚਿਆਂ ਵਿਚ ਬੋਲਣ ਦੀ ਸਮੱਸਿਆ ਜਟਿਲ ਹੁੰਦੀ ਹੈ। ਆਮ ਤੌਰ ਤੇ ਉਹ ਆਪਣੀ ਹਿਲਜੁੱਲ ਅਤੇ ਚਿਹਰੇ ਦੇ ਹਾਵ-ਭਾਵ ਦਰਸਾਉਣ ਵਿਚ ਮੁਸ਼ਕਿਲ ਮਹਿਸੂਸ ਕਰਦੇ ਹਨ। ਇਸ ਲਈ ਬੋਲਣ-ਸੰਬੰਧੀ ਸਮੱਸਿਆ ਅਜਿਹੇ ਬੱਚਿਆਂ ਵਿਚ ਆਮ ਹੀ ਹੁੰਦੀ ਹੈ।

ਸਰੀਰਿਕ ਅਤੇ ਮਾਨਸਿਕ ਤਕਲੀਫ਼ਾਂ ਕਾਰਨ ਪਰਿਵਾਰ ਵਿਚ ਕਈ ਭਾਵਾਤਮਕ ਮੁਸ਼ਕਿਲਾਂ ਆ ਜਾਂਦੀਆਂ ਹਨ। ਬਹੁਤਾ ਸਮਾਂ ਬੱਚੇ ਦੀਆਂ ਮੁਸ਼ਕਿਲਾਂ ਸਮਝਣ ਲਈ ਅਤੇ ਅਤੇ ਉਸਨੂੰ ਮਦਦ ਦੇਣ ਲਈ ਲੰਘ ਜਾਂਦਾ ਹੈ ਪਰਿਵਾਰ, ਅਧਿਆਪਕ, ਅਤੇ ਧਿਆਨ ਰੱਖਣ ਵਾਲਿਆਂ ਲਈ C.P. ਵਾਲੇ ਬੱਚਿਆਂ ਦੀਆਂ ਲੋੜਾਂ ਦੀ ਪਛਾਣ ਦੀ ਵੱਡੀ ਚੁਣੌਤੀ ਹੈ।

## ਬੱਚੇ ਦੇ ਮਾਤਾ-ਪਿਤਾ ਤੋਂ ਪਤਾ ਕਰੋ ਕਿ :-

| ਲੜੀ ਨੰ | ਲੱਛਣ | ਹਾਂ | ਨਹੀਂ |
|---|---|---|---|
| 1 | ਕੀ ਬੱਚਾ ਆਮ ਸਮੇਂ ਅਨੁਸਾਰ ਵਿਕਸਿਤ ਨਹੀਂ ਹੋਇਆ? | | |
| 2 | ਕੀ 6 ਸਾਲ ਦੀ ਉਮਰ ਤੱਕ ਕਿਸੇ ਦੀ ਸਹਾਇਤਾ ਤੋਂ ਬਿਨਾਂ ਕੋਈ ਹਰਕਤ ਕਰ ਸਕਦਾ ਸੀ? | | |
| 3 | ਕੀ ਬੱਚੇ ਨੂੰ ਫਿੱਟ ਪੈਂਦੇ ਹਨ ? | | |
| 4 | ਕੀ ਬੱਚੇ ਨੂੰ ਅੰਗਾਂ ਨੂੰ ਕੰਟਰੋਲ ਕਰਨ ਵਿੱਚ ਮੁਸ਼ਕਲ ਆਉਂਦੀ ਹੈ? | | |
| 5 | ਕੀ ਬੱਚੇ ਦਾ ਪੋਸਚਰ ਖਰਾਬ ਹੈ ਅਤੇ ਸਰੀਰ ਨੂੰ ਸੰਤੁਲਿਤ ਰੱਖਣ ਵਿੱਚ ਮੁਸ਼ਕਲ ਆਉਂਦੀ ਹੈ? | | |
| 6 | ਕੀ ਬੱਚੇ ਨੂੰ ਕਿਰਿਆਵਾਂ ਜਿਵੇਂ ਕੁਰਸੀ ਤੇ ਬਿਨਾਂ ਸਹਾਰੇ ਜ਼ਿਆਦਾ ਸਮਾਂ ਬੈਠਣ, ਤੁਰਨ, ਛਲਾਂਗਾਂ ਲਗਾਉਣ, ਲਮਕਣ, ਚੜ੍ਹਣ ਅਤੇ ਝੁਕਣ ਆਦਿ ਵਿਚ ਮੁਸ਼ਕਲ ਆਉਂਦੀ ਹੈ? | | |
| 7 | ਕੀ ਬੱਚੇ ਨੂੰ ਬੋਲਣ ਲੱਗੇ ਸਾਹ ਚੜ੍ਹਦਾ ਜਾਂ ਤੇਜ਼ ਹੋ ਜਾਂਦਾ ਹੈ। | | |
| 8 | ਕੀ ਬੱਚੇ ਨੂੰ ਨਾਲ ਲੱਗਦੀ ਵੇਖਣ, ਸੁਣਨ ਜਾਂ ਮੰਦ ਬੁੱਧੀ ਆਦਿ ਵਰਗੀ ਘਾਟ ਵੀ ਹੈ? | | |
| 9 | ਕੀ ਬੱਚੇ ਨੂੰ ਪੜ੍ਹਣ/ਲਿਖਣ ਲੱਗੇ ਉਸਦੇ ਅੰਗਾਂ ਦੀ ਕੋਆਰਡੀਨੇਸ਼ਨ ਕਰਨ ਲਈ ਸਹਾਇਤਾ ਦੀ ਲੋੜ ਪੈਂਦੀ ਹੈ? | | |
| 10 | ਕੀ ਬੱਚੇ ਦਾ ਸਰੀਰ ਇੰਨਾਂ ਸਖਤ ਹੈ ਕਿ ਉਹ ਬੈਠਣ ਜਾਂ ਖੜ੍ਹਨ ਦੇ ਯੋਗ ਨਹੀਂ? | | |
| 11 | ਕੀ ਬੱਚਾ ਇੱਕੋ ਪੁਜੀਸ਼ਨ ਵਿੱਚ ਖੜ੍ਹਾ ਰਹਿੰਦਾ ਹੈ ਅਤੇ ਚੱਲਣ ਦੇ ਯੋਗ ਨਹੀਂ? | | |
| 12 | ਕੀ ਬੱਚੇ ਦੇ ਸਿਰ ਅਤੇ ਧੌਣ (ਗਰਦਨ) ਤੇ ਕੰਟਰੋਲ ਹੈ? | | |

ਨੋਟ:- ਜੇਕਰ ਉਪਰੋਕਤ ਲਿਖੇ ਲੱਛਣਾਂ ਵਿੱਚੋਂ ਤਿੰਨ ਚਾਰ ਦਾ ਜਵਾਬ ਵੀ ਹਾਂ ਪੱਖੀ ਹੈ ਤਾਂ ਬੱਚਾ ਸੈਰੀਬਰਲ ਪਾਲਸੀ ਦੇ ਅੰਤਰਗਤ ਆਉਂਦਾ ਹੈ।

## ਕਲਾਸ ਰੂਮ ਮੈਨੇਜਮੈਂਟ

1) ਖੁੱਲੀ ਥਾਂ ਦਾ ਹੋਣਾ।

2) ਬਲੈਕ ਬੋਰਡ ਦਾ ਸਹੀ ਉਚਾਈ ਤੇ ਹੋਣਾ ਤਾਂ ਜੋ ਬੱਚੇ ਨੂੰ ਪੜ੍ਹਨ ਜਾਂ ਬੋਰਡ ਤੇ ਕੁੱਝ ਲਿਖਣ ਵਿੱਚ ਔਖ ਨਾ ਆਵੇ।

3) ਅਧਿਆਪਕ ਦਾ ਪੜ੍ਹਾਉਣ ਵੇਲੇ ਸਹੀ ਥਾਂ ਤੇ ਹੋਣਾ ਜਿਸ ਕਰਕੇ ਸਰੀਰਿਕ ਅਪੰਗਤਾ ਵਾਲੇ ਬੱਚੇ ਦੀ ਜਿਆਦਾ ਹਿੱਲਜੁੱਲ ਨਾ ਹੋਵੇ।

4) ਕਲਾਸ ਦਾ ਫਰਨੀਚਰ ਬੱਚੇ ਦੇ ਮੁਤਾਬਿਕ ਹੋਵੇ।

5) ਬੱਚੇ ਦਾ ਕਲਾਸ ਰੂਮ ਵਿੱਚ ਬੈਠਣ ਦਾ ਸਹੀ ਪ੍ਰਬੰਧ ਹੋਣਾ ਤਾਂ ਕਿ ਬੱਚੇ ਨੂੰ ਕਲਾਸ ਵਿਚ ਆਉਣ ਅਤੇ ਕਲਾਸ ਵਿਚ ਹੋਣ ਵਾਲੀਆਂ ਗਤੀਵਿਧੀਆਂ ਵਿੱਚ ਰੁਕਾਵਟ ਨਾ ਆਵੇ।

6) ਕਮਰੇ ਵਿਚ ਥਾਂ ਬਹੁਤ ਹੋਣੀ ਚਾਹੀਦੀ ਹੈ ਤਾਂ ਜੋ ਕਰਚੱਜ ਜਾਂ ਵੀਲ ਚੇਅਰ ਵਾਲਾ ਬੱਚਾ ਆਪਣੀਆਂ ਗਤੀਵਿਧੀਆਂ ਸਹੀ ਪ੍ਰਕਾਰ ਨਾਲ ਕਰ ਸਕੇ, ਉਸਨੂੰ ਰੁਕਾਵਟ ਨਾ ਆਵੇ।

## TEACHING STRATEGIES

ਅਧਿਆਪਕ ਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਕਿ ਸੈਰੀਬਰਲ ਪਾਲਸੀ ਵਾਲਾ ਬੱਚਾ ਦੇਖ ਕੇ, ਸੁਣ ਕੇ ਜਾਂ ਛੂਹ ਕੇ ਸਿੱਖਣ ਵਾਲਾ ਹੈ ਤਾਂ ਜੋ ਢੁੱਕਵੀਆਂ ਨੀਤੀਆਂ ਤਿਆਰ ਕੀਤੀਆਂ ਜਾ ਸਕਣ।

**ਵਿਸ਼ੇਸ਼ ਨੀਤੀਆਂ: -**

ਹੇਠ ਲਿਖੇ ਢੰਗਾਂ ਰਾਹੀਂ Cerebral Palsy ਵਾਲੇ ਬੱਚਿਆਂ ਨੂੰ ਸਿੱਖਣ-ਪ੍ਰਕਿਰਿਆ ਵਿਚ ਅਰਾਮ ਦਾਇਕ ਢੰਗ ਨਾਲ ਭਾਗ ਲੈਣ ਦੇ ਮੌਕੇ ਪ੍ਰਦਾਨ ਕੀਤੇ ਜਾ ਸਕਦੇ ਹਨ।

1) ਖੇਡ ਖੇਡ ਵਿਚ ਸਿੱਖਣਾ (Play way method)

2) ਠੋਸ ਸਬੂਤਾਂ ਰਾਹੀਂ ਸਿੱਖਣਾ (Providing concrete experiences)

3) ਤ੍ਰੈਪਾਸੀ ਮਾਡਲਾਂ ਦੀ ਮਦਦ ਰਾਹੀਂ ਸਿੱਖਣਾ।

4) ਤਸਵੀਰਾਂ ਰਾਹੀਂ ਸਿੱਖਣਾ।

5) ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਗਰੁੱਪ ਵਿਚ ਸ਼ਾਮਿਲ ਕਰਵਾਕੇ ਸਿੱਖਣ ਦੀ ਪ੍ਰਕਿਰਿਆ ਨੂੰ ਆਸਾਨ ਕਰਵਾਉਣਾ।

6) ਅਧਿਆਪਕ ਦੀ ਸਹਾਇਤਾ ਨਾਲ ਸਾਥੀਆਂ ਤੋਂ ਸਿੱਖਣਾ।

7) ਟੂਰ ਪ੍ਰੋਗਰਾਮ ਅਤੇ ਤਜ਼ਰਬਿਆਂ ਤੋਂ ਸਿੱਖਣਾ।

8) ਸਾਥੀਆਂ ਰਾਹੀਂ ਇੱਕ ਦੂਜੇ ਤੋਂ ਸਿੱਖਣਾ

9) ਸਿੱਖਣ ਦਾ ਬਹੁੱਸੰਵੇਦੀ ਢੰਗ।

## TEACHING LEARNING MATERIAL-

ਪੜ੍ਹਨ ਪੜ੍ਹਾਉਣ ਸੰਬੰਧੀ ਸਮੱਗਰੀ ਦਾ ਵਿਸ਼ੇਸ਼ ਯੋਗਦਾਨ ਹੈ। (CP) ਸੈਰੀਬਰਲ ਪਾਲਸੀ ਵਾਲੇ ਬੱਚਿਆਂ ਵਿਚ ਕੁੱਝ ਮਾਸਪੇਸ਼ੀਆਂ ਵਿਚ ਤਰੁੱਟੀਆਂ ਜਿਵੇਂ ਕਿ ਬੋਲਣ ਅਤੇ ਸੁਣਨ ਆਦਿ ਰਾਹੀਂ ਸਿੱਖਿਆ ਪ੍ਰਭਾਵਿਤ ਹੋ ਸਕਦੀ ਹੈ।

**ਵੱਡੀਆਂ ਅਤੇ ਛੋਟੀਆਂ ਅਤੇ ਮਾਸ਼ਪੇਸੀਆਂ ਦਾ ਵਿਕਾਸ:-**

ਬੱਚਿਆਂ ਵਿਚ ਮਾਸਪੇਸ਼ੀਆਂ ਦਾ ਵਿਕਾਸ ਕੁੱਝ ਸਧਾਰਨ ਤਰੀਕਿਆਂ ਜਾਂ ਕਸਰਤਾਂ ਰਾਹੀਂ (exercise)) ਰਾਹੀਂ ਖੇਡ ਦੇ ਮੈਦਾਨ ਜਾਂ Indoor achivities (ਕਮਰੇ ਅੰਦਰ ਦੀਆਂ ਕਸਰਤਾਂ ) ਰਾਹੀਂ ਕਰਵਾਇਆ ਜਾ ਸਕਦਾ ਹੈ।

1) **ਵੱਡੀਆਂ ਮਾਸਪੇਸ਼ੀਆਂ:-** ਵੱਡੀਆਂ ਮਾਸ ਪੇਸ਼ੀਆਂ ਦੀ ਵਰਤੋਂ ਬੈਠਣ, ਉੱਠਣ ਲਈ ਅਤੇ ਚੱਲਣ ਫਿਰਨ ਲਈ।

2) **ਸੂਖਮ ਮਾਸਪੇਸ਼ੀਆਂ:-** ਜਿਵੇਂ ਕਿ ਲਿਖਣਾ, ਕੱਟਣਾ, ਸਿਉਣਾ, ਆਦਿ।

3) **ਹੱਥ ਦਾ ਕੰਮ:-** C.P. ਜਿਹੜੇ ਬੱਚੇ ਪੈਨ ਆਦਿ ਨਹੀ ਫੜ ਸਕਦੇ ਉਨਾਂ ਨੂੰ ਮੋਟਾ ਪੈਨ, ਪਤਲਾ ਪੈਨ ਜਾਂ ਟਾਇਪ ਵਾਲੀ ਮਸ਼ੀਨ ਆਦਿ ਦੀ ਲੋੜ ਵੀ ਪੈ ਸਕਦੀ ਹੈ।

4) ਕਈ ਵਿਦਿਆਰਥੀ ਲਿਖ ਤੇ ਟਾਇਪ ਕਰ ਸਕਦੇ ਹਨ, ਪਰ ਧੀਮੇ ਹਨ ਉਨ੍ਹਾਂ ਨੂੰ ਵਧੇਰੇ ਵਿਆਸ ਵਾਲੇ ਚਾਕ, ਪੈਨਸਿਲਾਂ ਪੈਨ ਆਦਿ ਦਿੱਤੇ ਜਾ ਸਕਦੇ ਹਨ।

ਵਿਸਤ੍ਰਿਤ ਐਜੂਕੇਸ਼ਨ ਪ੍ਰੋਗਰਾਮ ਅਤੇ ਵਿਵਹਾਰਿਕ ਪ੍ਰਬੰਧਨ ਨਾਲ ਬੱਚਿਆਂ ਨੂੰ ਆਪਣਾ ਧਿਆਨ ਕਰਨ, ਸਮਾਜਿਕ ਨਿਪੁੰਨਤਾਵਾਂ ਅਤੇ ਕੰਮ ਲਈ ਨਿਪੁੰਨਤਾਵਾਂ ਹਾਸਿਲ ਕਰਵਾਈਆਂ ਜਾ ਸਕਦੀਆਂ ਹਨ। ਇਸ ਨਾਲ ਬੱਚੇ ਦੁਆਰਾ ਕੀਤੇ ਗਏ ਕੰਮ ਕਾਜ ਨੂੰ ਵੀ ਵਧੀਆ ਬਣਾਇਆ ਜਾ ਸਕਦਾ ਹੈ ਅਤੇ ਲੱਛਣ ਦੀ ਤੀਬਰਤਾ ਨੂੰ ਘਟਾਇਆ ਜਾ ਸਕਦਾ ਹੈ।

Applied Behavior Analysis (ABA), ਵਿਕਾਸ ਲਈ ਮਾਡਲ, ਰਚਨਾਤਮਕ ਅਧਿਆਪਨ, ਬੋਲਣਾ ਅਤੇ ਭਾਸਾ ਦਾ ਵਿਕਾਸ ਲਈ ਇਲਾਜ, (Speech & Language Therapy) ਸਮਾਜਿਕ ਨਿਪੁੰਨਤਾਵਾਂ ਲਈ ਇਲਾਜ, ਵਿਵਸਾਇਕ ਇਲਾਜ ਆਦਿ ਰਾਹੀਂ ਬੱਚੇ ਦਾ ਕਾਫੀ ਹੱਦ ਤੱਕ ਵਿਕਾਸ ਕੀਤਾ ਜਾ ਸਕਦਾ ਹੈ।

### 3. ਬੱਚਿਆਂ ਨੂੰ ਸਹੀ ਢੰਗ ਨਾਲ ਬੈਠਣ ਲਈ ਸਹਾਇਤਾ ਸਮੱਗਰੀ- CP Chair






ਇੱਕ ਤੋਂ ਜ਼ਿਆਦਾ ਵਿਸ਼ੇਸ਼ ਅਪੰਗਤਾਵਾਂ ਵਾਲੇ ਬੱਚਿਆਂ ਲਈ (**Multiple Disabilities)**

ਨੋਟ:- Multiple Disabilities ਵਾਲੇ ਬੱਚੇ ਹੇਠ ਲਿਖੇ ਅਨੁਸਾਰ 8 ਪ੍ਰਕਾਰ ਦੇ ਹੋ ਸਕਦੇ ਹਨ :-

1 Deaf Blind
2. Blind-MR (Mentally Retarded)
3. Deaf-MR
4. Blind-CP (Cerebral Palsy)
5. Deaf-CP
6. CP with MR
7. Ortho Impaired with MR
8. Ortho Impaired with Hearing Impaired

| ਲੜੀ ਨੰ: | ਲੱਛਣ | ਹਾਂ | ਨਹੀਂ |
|---|---|---|---|
| • | ਜੇਕਰ ਬੱਚਾ ਐਨਕ, ਕੰਨਾਂ ਦੀ ਮਸ਼ੀਨ, ਫੌੜ੍ਹੀਆਂ, ਵ੍ਹੀਲਚੇਅਰ ਆਦਿ ਦੀ ਵਰਤੋਂ ਕਰਦਾ ਹੋਵੇ। | | |
| • | ਜੇਕਰ ਬੱਚੇ ਦੀ ਬਾਹਰੀ ਦਿੱਖ ਵਿੱਚ ਕੋਈ ਅਨੋਖੀ ਚੀਜ਼ ਹੋਵੇ ਜਿਵੇਂ ਸਿਰ ਦਾ ਵੱਡਾ ਜਾਂ ਛੋਟਾ ਹੋਣਾ, ਉਂਗਲਾਂ ਜ਼ਿਆਦਾ ਹੋਣਾ। | | |
| • | ਜੇਕਰ ਬੱਚੇ ਕੋਲ ਕੋਈ ਨਵੀਂ ਚੀਜ਼ ਅਚਾਨਕ ਲਿਆਂਦੀ ਜਾਵੇ ਤਾਂ ਉਹ ਤਰੱਬਕ ਜਾਵੇ। | | |
| • | ਜੇਕਰ ਬੱਚਾ ਅੱਖਾਂ ਨੂੰ ਜ਼ੋਰ ਨਾਲ ਮੀਟਦਾ ਹੋਵੇ, ਹੱਥ ਹਿਲਾਵੇ ਅਤੇ ਰੋਸ਼ਨੀ ਵੱਲ ਛਲਾਂਗਾਂ ਲਗਾਵੇ। | | |
| • | ਜੇਕਰ ਬੱਚਾ ਕਿਸੇ ਚੀਜ਼ ਦੇ ਬਿਲਕੁਲ ਨਜ਼ਦੀਕ ਜਾ ਕੇ ਉਸਨੂੰ ਫੜ ਕੇ ਪਛਾਣ ਕਰੇ। | | |
| • | ਕੀ ਬੱਚੇ ਨੂੰ ਸਕੂਲ ਦੀ ਘੰਟੀ ਦਾ ਪਤਾ ਹੈ ਅਤੇ ਕੀ ਉਹ ਬੱਚਾ ਘੰਟੀ ਵਜਣ ਤੇ ਦੂਸਰਿਆਂ ਦੀਆਂ ਗਤੀਵਿਧੀਆਂ ਨੂੰ ਮਹਿਸੂਸ ਕਰਦਾ ਹੈ? | | |
| • | ਜੇਕਰ ਬੱਚਾ ਆਪਣੇ ਜਮਾਤੀਆਂ ਨਾਲ ਸਿਰਫ ਇਸ਼ਾਰੇ ਕਰੇ ਪਰ ਗੱਲਾਂ ਬਿਲਕੁਲ ਨਾ ਕਰੇ। | | |
| • | ਜੇਕਰ ਬੱਚੇ ਨੂੰ ਇਹ ਪਤਾ ਨਾ ਲੱਗ ਸਕੇ ਕਿ ਉਸਦੇ ਸਾਥੀ ਲਿਖ ਰਹੇ ਹਨ ਜਾਂ ਬੋਰਡ ਤੋਂ ਵੇਖ ਕੇ ਲਿਖ ਰਹੇ ਹਨ। | | |
| • | ਜੇਕਰ ਬੱਚਾ ਸਰੀਰਿਕ ਸਿੱਖਿਆ ਦੀ ਕਲਾਸ ਵਿੱਚ ਆਪਣਾ ਖਾਸ ਪੋਸਚਰ ਨਾ ਬਣਾ ਸਕੇ। | | |
| • | ਜੇਕਰ ਬੱਚਾ ਕਲਾਸ ਰੂਮ ਦਾ ਕੋਈ ਖਾਸ ਕੋਨਾ ਪਸੰਦ ਕਰੇ। | | |

ਨੋਟ : ਜੇਕਰ ਉਪਰੋਕਤ ਲਿਖੇ ਲੱਛਣਾਂ ਵਿਚੋਂ ਬੱਚੇ ਵਿਚ ਕੋਈ ਤਿੰਨ ਚਾਰ ਲੱਛਣ ਵੀ ਵੇਖਣ ਨੂੰ ਮਿਲਣ ਤਾਂ ਬੱਚਾ Multiple disabilities ਵਾਲਾ ਹੋ ਸਕਦਾ ਹੈ।

## ਪੜ੍ਹਾਉਣ ਦੇ ਢੰਗ:-

ਇੱਕ ਤੋਂ ਜ਼ਿਆਦਾ ਵਿਸ਼ੇਸ਼ ਘਾਟਾਂ ਵਾਲੇ ਬੱਚਿਆਂ ਨੂੰ ਪੜ੍ਹਾਉਣ ਲਈ ਅਧਿਆਪਕ ਨੂੰ ਉਨ੍ਹਾਂ ਬੱਚਿਆਂ ਦੀਆਂ ਲੋੜਾਂ ਅਨੁਸਾਰ ਢੁਕਵਾਂ ਬਦਲਾਵ ਕਰਨਾ ਪਵੇਗਾ। ਜਿਵੇਂ ਕਿ CP ਅਤੇ MR ਬੱਚੇ ਲਈ ਕਲਾਸ ਵਿੱਚ ਬੈਠਣ ਦਾ ਠੀਕ ਪ੍ਰਬੰਧ ਅਤੇ ਕੰਮ ਨੂੰ ਸਰਲ ਅਤੇ ਛੋਟੇ ਭਾਗਾਂ ਵਿੱਚ ਵੰਡ ਕੇ ਕਰਵਾਉਂਣਾ ਆਦਿ।

# ਪਾਠ-8
# ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੇ ਮੁਲਾਂਕਣ ਦੀਆਂ ਵਿਧੀਆਂ

## ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੇ ਮੁਲਾਂਕਣ ਦੀਆਂ ਆਮ ਵਿਧੀਆਂ:

1. ਬੱਚੇ ਦੀ ਜ਼ਰੂਰਤ ਅਨੁਸਾਰ ਵਾਧੂ ਸਮਾਂ ਦਿੱਤਾ ਜਾ ਸਕਦਾ ਹੈ। ਥਕਾਵਟ ਤੋਂ ਬਚਣ ਲਈ ਵਿੱਚ ਵਿੱਚ ਥੋੜ੍ਹੇ ਸਮੇਂ ਲਈ ਅਰਾਮ ਦਿੱਤਾ ਜਾ ਸਕਦਾ ਹੈ।
2. ਹਰੇਕ ਬੱਚੇ ਦੀਆਂ ਵਿਅਕਤੀਗਤ ਲੋੜਾਂ ਅਨੁਸਾਰ ਕੈਲਕੂਲੇਟਰ, ਗਿਣਤਾਰਾ, ਬ੍ਰੇਲਰ, ਟੇਲਰ-ਫਰੇਮ, ਕਮਿਉਨੀਕੇਸ਼ਨ ਬੋਰਡ, ਸਲਾਂਟ-ਬੋਰਡ ਅਤੇ ਪੈਨਸਿਲ/ਪੈੱਨ ਗਰਿਪ ਆਦਿ ਹੋਣਾ ਚਾਹੀਦਾ ਹੈ।
3. ਬੱਚੇ ਨੂੰ ਉਸ ਦੀਆਂ ਲੋੜਾਂ ਅਨੁਸਾਰ ਕੰਪਿਊਟਰ, ਟੇਪ-ਰਿਕਾਰਡ, Voice-Synthesizer ਆਦਿ ਤਕਨਾਲੋਜ਼ੀ ਦੀ ਵਰਤੋਂ ਕਰਨ ਦੀ ਖੁੱਲ੍ਹ ਦੇਣੀ ਚਾਹੀਦੀ ਹੈ।
4. ਪ੍ਰੀਖਿਆ ਲਈ ਨਿਰਧਾਰਿਤ ਕੀਤਾ ਗਿਆ ਸਿਲੇਬਸ ਲਚਕਦਾਰ ਹੋਣਾ ਚਾਹੀਦਾ ਹੈ। ਉਦਾਹਰਨ ਵਜੋਂ ਹੌਲੀ ਸਿੱਖਣ ਵਾਲੇ ਬੱਚਿਆਂ ਦਾ ਸਾਰੇ ਸਿਲੇਬਸ ਵਿੱਚੋਂ ਇੱਕੋ ਵਾਰ ਟੈਸਟ ਲੈਣ ਦੀ ਥਾਂ ਤੇ ਛੋਟੀਆਂ ਇਕਾਈਆਂ ਦੇ ਰੂਪ ਵਿੱਚ ਟੈਸਟ ਲੈਣਾ ਚਾਹੀਦਾ ਹੈ।
5. ਭਾਸ਼ਾ ਸਬੰਧੀ ਸਮੱਸਿਆਵਾਂ ਵਾਲੇ ਬੱਚਿਆਂ ਦਾ ਮੁਲਾਂਕਣ ਨਿਬੰਧਾਂਤਮਕ ਵੱਡੇ ਪ੍ਰਸ਼ਨਾਂ ਦੀ ਥਾਂ ਤੇ ਅਬਜੈਕਟਿਵ ਟਾਈਪ ਛੋਟੇ ਪ੍ਰਸ਼ਨਾਂ ਰਾਹੀਂ ਕਰਨਾ ਚਾਹੀਦਾ ਹੈ। ਪ੍ਰਸ਼ਨਾਂ ਦੀ ਭਾਸ਼ਾ ਵੀ ਸਰਲ ਤੇ ਸੌਖੀ ਬਣਾਉਣੀ ਚਾਹੀਦੀ ਹੈ।
6. ਬੱਚੇ ਨੂੰ ਉੱਤਰ ਦੇਣ ਦੇ ਢੰਗਾਂ ਵਿੱਚ ਖੁੱਲ੍ਹ ਦੇਣੀ ਚਾਹੀਦੀ ਹੈ, ਉਦਾਹਰਨ ਵਜੋਂ ਲਿਖਤੀ ਦੀ ਥਾਂ ਜ਼ੁਬਾਨੀ ਉੱਤਰ (ਟੇਪ ਕੀਤਾ ਜਾ ਸਕਦਾ ਹੈ) ਜਾਂ ਕਮਿਉਨੀਕੇਸ਼ਨ ਬੋਰਡ ਦੇ ਕੇ ਜ਼ੁਬਾਨੀ ਜਾਂ ਬੋਲ ਕੇ ਲਿਖਾਰੀ ਦੀ ਸਹਾਇਤਾ ਨਾਲ ਉੱਤਰ ਲਿਖੇ ਜਾ ਸਕਦੇ ਹਨ।
7. ਜਦੋਂ ਵੀ ਜ਼ਰੂਰਤ ਹੋਵੇ ਹਦਾਇਤਾਂ ਜਾਂ ਪ੍ਰਸ਼ਨ ਵਿਦਿਆਰਥੀਆਂ ਨੂੰ ਪੜ੍ਹਕੇ ਸੁਣਾਏ ਜਾਣ।
8. ਬੱਚਿਆਂ ਦੀ ਜ਼ਰੂਰਤ ਅਨੁਸਾਰ ਵੱਡੇ ਅਕਾਰ ਦੀ ਬਰੇਲ ਜਾਂ ਪ੍ਰਿੰਟ ਵਰਤਣੇ ਚਾਹੀਦੇ ਹਨ।
9. ਜੇਕਰ ਜ਼ਰੂਰਤ ਮਹਿਸੂਸ ਹੋਵੇ ਤਾਂ ਵੱਖਰੇ ਕਮਰੇ ਜਾਂ ਐਡਜਸਟ ਹੋ ਸਕਣ ਵਾਲੇ ਮੇਜ਼-ਕੁਰਸੀ ਆਦਿ ਦੀ ਮੱਦਦ ਨਾਲ ਬੱਚੇ ਦੇ ਸਹੀ ਪੋਸਚਰ ਜਾਂ ਬੈਠਣ ਦਾ ਸਹੀ ਪ੍ਰਬੰਧ ਕਰਨਾ ਚਹੀਦਾ ਹੈ।
10. ਜੇਕਰ ਬੱਚਾ ਕੋਈ ਖਾਸ ਦਵਾਈ ਲਗਾਤਾਰ ਲੈ ਰਿਹਾ ਹੈ ਤਾਂ ਉਸ ਦੇ ਮੁਲਾਂਕਣ ਦਾ ਸਮਾਂ ਨਿਰਧਾਰਤ ਕਰਨਾ ਵੀ ਜਰੂਰੀ ਹੈ।
11. ਭਾਸ਼ਾ ਸਬੰਧੀ ਸਮੱਸਿਆਵਾਂ ਨਾਲ ਬਹੁਤ ਬੱਚਿਆਂ ਨੂੰ ਤਿੰਨ ਭਾਸ਼ਾਈ ਫਾਰਮੂਲੇ ਤੋਂ ਛੋਟ ਦੇਣੀ ਚਾਹੀਦੀ ਹੈ। ਸੰਕੇਤਕ ਭਾਸ਼ਾ (Sign Language) ਦਾ ਇਸਤੇਮਾਲ ਵੀ ਕੀਤਾ ਜਾ ਸਕਦਾ ਹੈ।

## ਖਾਸ ਸਮੱਸਿਆਵਾਂ ਵਾਲੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੇ ਮੁਲਾਂਕਣ ਦੀਆਂ ਵਿਧੀਆਂ

### ਵੇਖਣ ਦੀ ਸਮੱਸਿਆ ਵਾਲੇ ਬੱਚਿਆਂ ਲਈ:

ਵੇਖਣ ਦੀ ਸਮੱਸਿਆ ਵਾਲੇ ਬੱਚਿਆਂ ਦੇ ਮੁਲਾਂਕਣ ਲਈ ਵਰਤੇ ਜਾਣ ਵਾਲੇ ਤਰੀਕੇ:-

1. ਵੇਖਣ ਦੀ ਸਮੱਸਿਆ ਵਾਲੇ ਬੱਚਿਆਂ ਨੂੰ ਬਰੇਲ ਜਾਂ ਵੱਡੇ ਪ੍ਰਿੰਟ ਦੇ ਰੂਪ ਵਿੱਚ ਪ੍ਰਸ਼ਨ ਪੱਤਰ ਦਿੱਤੇ ਜਾਣੇ ਚਾਹੀਦੇ ਹਨ।
2. ਬੱਚੇ ਨੂੰ ਬਰੇਲ, ਵੱਡੇ ਪ੍ਰਿੰਟ ਜਾਂ ਕੰਪਿਊਟਰ ਦੀ ਮੱਦਦ ਨਾਲ ਉੱਤਰ ਦੇਣ ਦੀ ਖੁੱਲ੍ਹ ਹੋਣੀ ਚਾਹੀਦੀ ਹੈ।
3. ਪ੍ਰੀਖਿਆ ਇੱਕੋ ਜਿਹੀ ਪ੍ਰੰਤੂ ਬਰੇਲ/ਵੱਡੇ ਪ੍ਰਿੰਟ ਵਿੱਚ ਹੋਣੀ ਚਾਹੀਦੀ ਹੈ। ਬੱਚੇ ਦੀ, ਉਸ ਦੇ ਮਾਂ-ਬਾਪ ਦੀ ਹੋਰ ਕਿਸੇ ਦੀ ਸਲਾਹ ਨਾਲ ਬੱਚੇ ਦਾ ਮੁਲਾਂਕਣ ਉਸ ਦੀ ਜ਼ੁਬਾਨੀ ਕਾਰਗੁਜ਼ਾਰੀ ਦੇ ਅਧਾਰ ਤੇ ਕੀਤਾ ਜਾਣਾ ਚਾਹੀਦਾ ਹੈ।
4. ਜੇਕਰ ਲੋੜ ਮਹਿਸੂਸ ਹੋਵੇ ਤਾਂ ਪ੍ਰਸ਼ਨ ਟੇਪ-ਰਿਕਾਰਡਰ ਰਾਹੀਂ ਪੁੱਛੇ ਜਾਣ ਅਤੇ ਬੱਚੇ ਦੇ ਉੱਤਰ ਵੀ ਟੇਪ-ਰੀਕਾਰਡ ਤੇ ਟੇਪ ਕੀਤੇ ਜਾ ਸਕਦੇ ਹਨ। ਜੇਕਰ ਬੱਚਾ ਲਿਖ ਸਕਦਾ ਹੈ ਤਾਂ ਉਸ ਨੂੰ ਇਸ ਦਾ ਮੌਕਾ ਦੇਣਾ ਚਾਹੀਦਾ ਹੈ।
5. ਬੱਚੇ ਨੂੰ ਉਸ ਦੇ ਜਵਾਬ ਕੰਪਿਊਟਰ ਦੀ ਮੱਦਦ ਨਾਲ ਲਿਖਣ ਦੀ ਇਜਾਜ਼ਤ ਦੇਣੀ ਚਾਹੀਦੀ ਹੈ।
6. ਜਿੱਥੇ ਵੀ ਸੰਭਵ ਹੋਵੇ, ਪ੍ਰੀਖਿਆ ਜਾਂ ਮੁਲਾਂਕਣ ਲਈ ਬੋਲਣ ਵਾਲੇ ਕੰਪਿਊਟਰ ਸਾਫਟਵੇਅਰ ਵੀ ਵਰਤੇ ਜਾਣ।
7. ਜੇਕਰ ਬੱਚਾ ਬਰੇਲ ਰਾਹੀਂ ਲਿਖਦਾ ਹੈ ਤਾਂ ਲੋੜ ਅਨੁਸਾਰ ਉਸ ਨੂੰ ਵੱਧ ਸਮਾਂ ਦੇਣਾ ਚਾਹੀਦਾ ਹੈ। ਅਧਿਆਪਕ ਬੱਚੇ ਦੇ ਮਾਪਿਆਂ ਨਾਲ ਸਲਾਹ ਕਰਕੇ ਵੱਧ ਸਮੇਂ ਬਾਬਤ ਨਿਰਨਾ ਕਰ ਸਕਦੇ ਹਨ। ਇਸਦੇ ਨਾਲ ਹੀ ਵੇਖਣ ਦੀ ਸਮੱਸਿਆ ਵਾਲੇ ਜਿਹੜੇ ਬੱਚੇ ਬਰੇਲ ਦਾ ਇਸਤੇਮਾਲ ਕਰਦੇ ਹਨ, ਉਨ੍ਹਾਂ ਲਈ ਪ੍ਰਸ਼ਨਾਂ ਦੀ ਗਿਣਤੀ ਘੱਟ ਕੀਤੀ ਜਾ ਸਕਦੀ ਹੈ।
8. ਜੇਕਰ ਬੱਚਾ ਲੰਬੇ ਸਮੇਂ ਤੱਕ ਲਿਖਦਾ ਰਹੇ ਤਾਂ ਉਸ ਨੂੰ ਅਰਾਮ ਵੀ ਦੇਣਾ ਚਾਹੀਦਾ ਹੈ ਕਿਉਂਕਿ ਲੰਬੇ ਸਮੇਂ ਤੱਕ ਬਰੇਲ ਦੀ ਵਰਤੋਂ ਕਰਨ ਨਾਲ ਥਕਾਵਟ ਹੋ ਜਾਂਦੀ ਹੈ।
9. ਬਰੇਲ ਲਿਖਣ ਜਾ ਪੜ੍ਹਣ ਦੇ ਟੈਸਟ ਤੋਂ ਬਿਨਾਂ ਹੋਰ ਟੈਸਟਾਂ ਵਿੱਚ ਬਰੇਲ ਡਾਟ ਗਲਤੀਆਂ ਦੇ ਨੰਬਰ ਨਹੀਂ ਕੱਟਣੇ ਚਾਹੀਦੇ। ਜੇਕਰ ਜ਼ਰੂਰਤ ਹੋਵੇ ਤਾਂ ਬੱਚੇ ਤੋਂ ਜ਼ੁਬਾਨੀ ਉੱਤਰ ਲਿਆ ਜਾਵੇ ਤਾਂ ਜੋ ਪਤਾ ਲੱਗ ਸਕੇ ਕਿ ਉਸ ਨੂੰ ਉੱਤਰ ਆਉਂਦਾ ਹੈ ਜਾਂ ਨਹੀਂ।
10. ਵੱਡੇ ਪ੍ਰਿੰਟ ਵਿੱਚ ਪ੍ਰਸ਼ਨ ਪੱਤਰ ਦੇਣ ਲਈ, ਅਧਿਆਪਕ ਨੂੰ ਹਰੇਕ ਬੱਚੇ ਦੀ ਲੋੜ ਅਨੁਸਾਰ ਪ੍ਰਿੰਟ ਦੇ ਅਕਾਰ ਦਾ ਨਿਰਣਾ ਕਰਨਾ ਚਾਹੀਦਾ ਹੈ ਤਾਂ ਜੋ ਬੱਚਾ ਇਸ ਨੂੰ ਆਸਾਨੀ ਨਾਲ ਦੇਖ ਸਕੇ। ਜੇਕਰ ਲੋੜ ਹੋਵੇ ਤਾਂ

ਬੱਚੇ ਨੂੰ ਸਾਫ਼ ਕਾਗਜ਼ ਤੇ ਫੈਲਟ ਪੈੱਨ ਦੀ ਮੱਦਦ ਨਾਲ ਲਿਖਣ ਦੀ ਛੋਟ ਦੇਣੀ ਚਾਹੀਦੀ ਹੈ।

11. ਜੇਕਰ ਬੱਚਾ ਟੇਪ-ਰਿਕਾਰਡਰ ਰਾਹੀਂ ਉੱਤਰ ਦੇ ਰਿਹਾ ਹੋਵੇ ਜਾਂ ਸਕਰਾਈਬ ਨੂੰ ਲਿਖਵਾ ਰਿਹਾ ਹੋਵੇ ਤਾਂ ਸ਼ੋਰ ਤੋਂ ਬਚਣ ਲਈ ਉਸ ਦਾ ਬੈਠਣ ਦਾ ਪ੍ਰਬੰਧ ਕਿਸੇ ਵੱਖਰੀ ਥਾਂ ਤੇ ਕਰਨਾ ਚਾਹੀਦਾ ਹੈ।

12. ਜੇਕਰ ਲੋੜ ਹੋਵੇ ਤਾਂ ਡਰਾਇੰਗ, ਤਸਵੀਰਾਂ ਆਦਿ ਦੇ ਪ੍ਰਸ਼ਨਾਂ ਦੀ ਥਾਂ ਤੇ ਬਦਲਵੇਂ ਪ੍ਰਸ਼ਨ ਦੇਣੇ ਚਾਹੀਦੇ ਹਨ।

13. ਅਬਜੈਕਟਿਵ ਟਾਈਪ ਪ੍ਰਸ਼ਨਾਂ ਲਈ ਸਪਸ਼ਟ ਨਿਰਦੇਸ਼ ਦੇਣੇ ਚਾਹੀਦੇ ਹਨ।

14. ਜੇਕਰ ਬੱਚਾ ਬਰੇਲ ਰਾਹੀਂ ਆਸਾਨ ਤਰੀਕੇ ਦੇ ਪ੍ਰਸ਼ਨਾਂ ਦੇ ਉੱਤਰ ਦੇ ਰਿਹਾ ਹੋਵੇ ਤਾਂ ਨੰਬਰ, ਪ੍ਰਸ਼ਨਾਂ ਦੀ ਲੰਬਾਈ ਦੇ ਹਿਸਾਬ ਨਾਲ ਨਹੀਂ ਸਗੋਂ ਕੰਮ ਦੀਆਂ ਗੱਲਾਂ ਦੇ ਅਧਾਰ ਤੇ ਦੇਣੇ ਚਾਹੀਦੇ ਹਨ। ਅਧਿਆਪਕ ਅਤੇ ਮਾਂ-ਬਾਪ ਦੋਹਾਂ ਦੀ ਇਸ ਵਿੱਚ ਸ਼ਮੂਲੀਅਤ ਹੋਣੀ ਚਾਹੀਦੀ ਹੈ।

15. ਬੱਚੇ ਨੂੰ ਹਰ ਪ੍ਰਕਾਰ ਦੀ ਸਹਾਇਕ ਸਮੱਗਰੀ ਵਰਤਣ ਦੀ ਖੁੱਲ੍ਹ ਹੋਣੀ ਚਾਹੀਦੀ ਹੈ।

## ਸੁਣਨ ਦੀਆਂ ਸਮੱਸਿਆਵਾਂ ਵਾਲੇ ਬੱਚਿਆਂ ਲਈ-

1. ਭਾਸ਼ਾ ਸਬੰਧੀ ਸਮੱਸਿਆਵਾਂ ਵਾਲੇ ਬੱਚਿਆਂ ਲਈ ਪ੍ਰਸ਼ਨ ਪੱਤਰ ਸੌਖੇ ਹੋਣੇ ਚਾਹੀਦੇ ਹਨ ਅਤੇ ਉਹਨਾਂ ਵਿੱਚ ਅਬਜੈਕਟਿਵ ਟਾਈਪ ਪ੍ਰਸ਼ਨ ਜ਼ਿਆਦਾ ਹੋਣੇ ਚਾਹੀਦੇ ਹਨ।

2. ਜਿਥੋਂ ਤੱਕ ਸੰਭਵ ਹੋਵੇ ਵਿਸਰਾਮ ਚਿੰਨ, ਸ਼ਬਦ ਜੋੜ ਜਾਂ ਵਿਆਕਰਨ ਸਬੰਧੀ ਗਲਤੀਆਂ ਦੇ ਨੰਬਰ ਨਹੀਂ ਕੱਟਣੇ ਚਾਹੀਦੇ। ਬੱਚਿਆਂ ਦੇ ਮਾਂ-ਬਾਪ ਨਾਲ ਸਲਾਹ ਕਰਕੇ ਅਧਿਆਪਕ ਇਸ ਦਾ ਨਿਰਣਾ ਕਰ ਸਕਦਾ ਹੈ।

3. ਗਣਿਤ ਦੀਆਂ ਰਕਮਾਂ ਦੀ ਭਾਸ਼ਾ ਲੋੜ ਅਨੁਸਾਰ ਛੋਟੀ ਤੇ ਸੌਖੀ ਹੋਣੀ ਚਾਹੀਦੀ ਹੈ।

4. ਜਿਵੇਂ ਅਧਿਆਪਕ ਨਿਰਣਾ ਕਰੇ, ਜਿਥੇ ਲੋੜ ਹੋਵੇ ਵਾਧੂ ਸਮਾਂ ਜਰੂਰ ਦੇਣਾ ਚਾਹੀਦਾ ਹੈ।

5. ਜੇਕਰ ਲੋੜ ਹੋਵੇ ਤਾਂ ਜ਼ੁਬਾਨੀ ਜਵਾਬਾਂ ਦੀ ਥਾਂ ਤੇ ਲਿਖਤੀ ਜਵਾਬਾਂ ਦੇ ਅਧਾਰ ਤੇ ਮੁਲਾਂਕਣ ਕਰ ਲੈਣਾ ਚਾਹੀਦਾ ਹੈ।

6. ਬੱਚੇ ਨੂੰ ਤਿੰਨ ਭਾਸ਼ਾਈ ਫਾਰਮੂਲੇ ਤੋਂ ਛੋਟ ਦੇਣੀ ਚਾਹੀਦੀ ਹੈ ਅਤੇ ਉਸ ਦੀ ਸਭਿਆਚਾਰਕ ਪਿਛੋਕੜ ਦੇ ਅਧਾਰ ਤੇ ਉਸ ਦੀ ਭਾਸ਼ਾ ਵਿੱਚ ਪੜ੍ਹਾਈ ਕਰਾਉਣੀ ਚਾਹੀਦੀ ਹੈ। ਸੰਕੇਤਕ ਭਾਸ਼ਾ (Sign Language) ਦਾ ਪ੍ਰਯੋਗ ਵੀ ਕੀਤਾ ਜਾ ਸਕਦਾ ਹੈ।

7. ਪ੍ਰੀਖਿਆ ਦੌਰਾਨ ਦਿੱਤੀਆਂ ਜਾਣ ਵਾਲੀਆਂ ਸਾਰੀਆਂ ਜ਼ੁਬਾਨੀ ਹਦਾਇਤਾਂ ਬੋਰਡ ਉੱਪਰ ਵੀ ਲਿਖੀਆਂ ਹੋਣੀਆਂ ਚਾਹੀਦੀਆਂ ਹਨ।

## ਚੱਲਣ-ਫਿਰਨ ਦੀਆਂ ਸਮੱਸਿਆਵਾਂ ਵਾਲੇ ਬੱਚਿਆਂ ਲਈ-

1. ਪ੍ਰੀਖਿਆ ਜਾ ਮੁਲਾਂਕਣ ਦਾ ਪ੍ਰਬੰਧ ਅਜਿਹੇ ਕਮਰੇ ਵਿੱਚ ਹੋਣਾ ਚਾਹੀਦਾ ਹੈ ਜਿਥੇ ਬੱਚਾ ਅਸਾਨੀ ਨਾਲ ਪਹੁੰਚ ਸਕਦਾ ਹੋਵੇ।
2. ਜੇਕਰ ਬੱਚਾ ਹੱਥ ਦੇ ਨੁਕਸ ਕਾਰਨ ਲਿਖਣ ਵਿੱਚ ਔਖ ਮਹਿਸੂਸ ਕਰਦਾ ਹੋਵੇ ਤਾਂ ਉਸ ਨੂੰ ਵੱਧ ਸਮਾਂ ਦੇਣਾ ਚਾਹੀਦਾ ਹੈ। ਬੱਚੇ ਦੀ ਜ਼ਰੂਰਤ ਨੂੰ ਧਿਆਨ ਵਿੱਚ ਰੱਖਦੇ ਹੋਏ ਉਸ ਨੂੰ ਘੱਟ ਪ੍ਰਸ਼ਨ ਵੀ ਦਿੱਤੇ ਜਾ ਸਕਦੇ ਹਨ ਜਾਂ ਫਿਰ ਸਕਰਾਈਬ ਵੀ ਉਪਲੱਬਧ ਕਰਵਾਇਆ ਜਾ ਸਕਦਾ ਹੈ।

## ਮੰਦਬੁੱਧੀ ਬੱਚਿਆਂ ਲਈ (Mentally Retarded Children) :

1. ਇਨ੍ਹਾਂ ਬੱਚਿਆਂ ਦੀ ਸਫ਼ਲਤਾ ਨੂੰ ਨਿਰਧਾਰਤ ਕਰਨ ਦਾ ਢੰਗ ਠੋਸ ਹੋਣਾ ਚਾਹੀਦਾ ਹੈ।
2. ਇਨ੍ਹਾਂ ਬੱਚਿਆਂ ਲਈ ਪ੍ਰਸ਼ਨ ਪੱਤਰ ਵਿੱਚ ਵਰਤੀ ਗਈ ਭਾਸ਼ਾ ਸਰਲ (Simple) ਹੋਣੀ ਚਾਹੀਦੀ ਹੈ।
3. ਅਜਿਹੇ ਬੱਚਿਆਂ ਨੂੰ ਪ੍ਰੀਖਿਆ ਦੇਣ ਲਈ ਜ਼ਿਆਦਾ ਸਮਾਂ ਦਿਉ, ਪ੍ਰੀਖਿਆ ਦੌਰਾਨ ਲੋੜ ਪੈਣ ਤੇ ਥਕਾਵਟ ਤੋਂ ਬਚਣ ਲਈ ਬ੍ਰੇਕ ਦਿੱਤੀ ਜਾਵੇ।
4. ਇਨ੍ਹਾਂ ਬੱਚਿਆਂ ਨੂੰ ਜ਼ੁਬਾਨੀ ਪ੍ਰਸ਼ਨ, ਤਸਵੀਰਾਂ, ਫਲੈਸ਼ ਕਾਰਡ ਅਤੇ ਵਾਸਤਵਿਕ ਵਸਤੂਆਂ ਦੇ ਉਦਾਹਰਨ ਦੇ ਕੇ ਇਨ੍ਹਾਂ ਦਾ ਮੁਲਾਂਕਣ ਕੀਤਾ ਜਾਵੇ।
5. ਇਸ ਤਰ੍ਹਾਂ ਦੇ ਬੱਚਿਆਂ ਦਾ ਨਿਰਧਾਰਨ ਕਰਨ ਲਈ ਬੋਲੀ ਦੀ ਥਾਂ, ਵਿਸ਼ਾ ਵਸਤੂ ਨੂੰ ਜ਼ਿਆਦਾ ਤਰਜੀਹ ਦੇਣੀ ਚਾਹੀਦੀ ਹੈ।
6. ਜਿੱਥੇ ਜ਼ਰੂਰੀ ਹੋਵੇ, ਇਸ ਤਰ੍ਹਾਂ ਦੇ ਬੱਚਿਆਂ ਨੂੰ ਲੇਖਕ ਵੀ ਦਿੱਤਾ ਜਾ ਸਕਦਾ ਹੈ ਜਾਂ ਪ੍ਰਸ਼ਨ ਪੁੱਛਣ ਅਤੇ ਉੱਤਰ ਰਿਕਾਰਡ ਕਰਨ ਲਈ ਟੇਪ ਰਿਕਾਰਡਰ ਦੀ ਵਰਤੋਂ ਕੀਤੀ ਜਾ ਸਕਦੀ ਹੈ।

## ਸੈਰੀਬਰਲ-ਪਾਲਸੀ ਵਾਲੇ ਬੱਚਿਆਂ ਲਈ-

1. ਪ੍ਰੀਖਿਆ ਵਾਲੇ ਖੇਤਰ ਤੱਕ ਬੱਚੇ ਦੀ ਪਹੁੰਚ ਯਕੀਨੀ ਬਣਾਈ ਜਾਵੇ।
2. ਵੱਖਰਾ ਕਮਰਾ ਉਪਲੱਬਧ ਕਰਵਾਇਆ ਜਾਵੇ।
3. ਜੇਕਰ ਲੋੜ ਹੋਵੇ ਤਾਂ ਲਿਖਾਰੀ (ਰਾਈਟਰ) ਉਪਲੱਬਧ ਕਰਵਾਇਆ ਜਾਵੇ।
4. ਕੰਪਿਊਟਰ ਜਾ ਵੋਇਸ-ਸਿੰਥੇਸਾਈਜ਼ਰ (Voice synthesizers) ਵਰਗੀ ਤਕਨਾਲੋਜ਼ੀ ਦੀ ਵਰਤੋਂ ਕੀਤੀ ਜਾ ਸਕਦੀ ਹੈ।
5. ਪ੍ਰਸ਼ਨਾਂ ਦੇ ਉੱਤਰਾਂ ਲਈ Communication Board ਦੀ ਵਰਤੋਂ ਕੀਤੀ ਜਾ ਸਕਦੀ ਹੈ।

6. ਹਿੱਲਣ-ਜੁੱਲਣ ਦੀ ਸਮੱਸਿਆ ਵਾਲੇ ਬੱਚਿਆਂ ਦੀ ਸਹੂਲਤ ਲਈ ਪ੍ਰਸ਼ਨਾਂ ਵਿੱਚ ਸੁਧਾਰ ਕਰਨਾ ਚਾਹੀਦਾ ਹੈ, ਉਦਾਹਰਨ ਵਜੋਂ ਅਜਿਹੇ ਬੱਚਿਆਂ ਦੀ ਡਰਾਇੰਗ ਜਾਂ ਜੁਮੈਟਰੀ ਦੀ ਪ੍ਰੀਖਿਆ ਨਹੀਂ ਹੋਣੀ ਚਾਹੀਦੀ। ਇਸ ਦਾ ਨਿਰਣਾ ਬੱਚਿਆਂ ਦੇ ਮਾਂ-ਬਾਪ ਨਾਲ ਸਲਾਹ ਕਰਕੇ ਅਧਿਆਪਕ ਕਰ ਸਕਦੇ ਹਨ।

7. ਜੇਕਰ ਵੇਖਣ, ਸੁਣਨ ਅਤੇ ਸਮਝਦਾਰੀ ਦੀਆਂ ਸਮੱਸਿਆਵਾਂ ਇੱਕਠੀਆਂ ਹੀ ਹੋਣ ਤਾਂ ਹਰੇਕ ਸਮੱਸਿਆ ਲਈ ਉੱਪਰ ਦਿੱਤੀਆਂ ਹੋਈਆਂ ਮੁਲਾਂਕਣ ਦੀਆਂ ਵਿਧੀਆਂ ਦੀ ਵਰਤੋਂ ਕਰਨੀ ਚਾਹੀਦੀ ਹੈ।

8. ਐਡਜਸਟ ਹੋ ਸਕਣ ਵਾਲੇ ਮੇਜ਼-ਕੁਰਸੀ ਆਦਿ ਦੀ ਮੱਦਦ ਨਾਲ ਬੱਚੇ ਦੇ ਠੀਕ ਪੋਸਚਰ ਵਿੱਚ ਬੈਠਣ ਦਾ ਉਚਿਤ ਪ੍ਰਬੰਧ ਕਰਨਾ ਚਾਹੀਦਾ ਹੈ।

9. ਜੇਕਰ ਲੋੜ ਹੋਵੇ ਤਾਂ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਵੱਧ ਸਮਾਂ ਦੇਣਾ ਚਾਹੀਦਾ ਹੈ। ਥਕਾਵਟ ਤੋਂ ਬਚਾਅ ਲਈ ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਆਰਾਮ ਦੇਣਾ ਚਾਹੀਦਾ ਹੈ।

10. ਪੈਨਸਿਲ ਗਰਿੱਪ ਜਾਂ ਵੈੱਜ (Wedges) ਵਰਗੇ ਸਹਾਇਕ ਸਾਧਨਾਂ ਦੀ ਵਰਤੋਂ ਕਰਨੀ ਚਾਹੀਦੀ ਹੈ।

11. ਉੱਤਰ ਦੇਣ ਲਈ ਕਾਫੀ ਮੋਟਾ ਕਾਗਜ਼ ਉਪਲੱਬਧ ਕਰਾਉਣਾ ਚਾਹੀਦਾ ਹੈ ਕਿਉਂਕਿ ਸੈਰੀਬਰਲ-ਪਾਲਸੀ ਵਾਲੇ ਬੱਚੇ ਲਿਖਦੇ ਸਮੇਂ ਕਾਗਜ਼ ਉਪਰ ਬਹੁਤ ਦਬਾਅ ਪਾਉਂਦੇ ਹਨ।

## ਇਕ ਤੋਂ ਵੱਧ ਵਿਸ਼ੇਸ਼ ਲੋੜਾਂ (Multiple Disabilities) ਵਾਲੇ ਬੱਚਿਆਂ ਲਈ

1. ਅਜਿਹੇ ਬੱਚਿਆਂ ਨੂੰ ਕੰਮ ਕਰਨ ਲਈ ਵਾਧੂ ਸਮਾਂ ਦਿੱਤਾ ਜਾਵੇ।
2. ਅਜਿਹੇ ਬੱਚਿਆਂ ਲਈ ਵਿਸ਼ੇਸ਼ ਕਿਸਮ ਦੇ ਫਰਨੀਚਰ ਦਾ ਪ੍ਰਬੰਧ ਕੀਤਾ ਜਾਵੇ।
3. ਲੋੜੀਂਦੀ ਅਤੇ ਸਹੀ ਥਾਂ ਦੇਣ ਲਈ ਪ੍ਰਬੰਧ ਕੀਤੇ ਜਾਣ।
4. ਬੱਚੇ ਨੂੰ ਸਰੀਰਕ ਤੌਰ ਤੇ ਸੁਵਿਧਾ ਦੇਣ ਲਈ ਸਹਾਇਤਾ ਪ੍ਰਦਾਨ ਕਰਨਾ।
5. ਟਾਇਲਟ ਤੱਕ ਪਹੁੰਚਣ ਦੀ ਸੁਵਿਧਾ ਨੂੰ ਯਕੀਨੀ ਬਣਾਉਣਾ।
6. ਬੱਚੇ ਦੀ ਲੋੜ ਅਨੁਸਾਰ ਲੇਖਕ ਦਾ ਪ੍ਰਬੰਧ ਕਰਨਾ।
7. ਬੱਚੇ ਦੀਆਂ ਲੋੜਾਂ ਅਨੁਸਾਰ ਪ੍ਰਸ਼ਨ ਪੱਤਰ ਵਿੱਚ ਢੁੱਕਵੇਂ ਬਦਲਾਵ ਕਰਨੇ ਚਾਹੀਦੇ ਹਨ।
8. ਇੱਕ ਤੋਂ ਵੱਧ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਪ੍ਰੀਖਿਆ ਦੌਰਾਨ ਵੱਧ ਮੱਦਦ ਦੀ ਲੋੜ ਪੈਣ ਤੇ ਲੋੜੀਂਦੇ ਪ੍ਰਬੰਧ ਕੀਤੇ ਜਾਣ।


# ਪਾਠ-9
# ਵਿਕਲਾਂਗਤਾ ਰੋਕਣ ਦੇ ਢੰਗ (Preventive Measures)

## ਬਚਪਨ ਵਿੱਚ ਵਿਕਲਾਂਗਤਾ ਤੋਂ ਬਚਾਅ ਲਈ ਸਿਫਾਰਸ਼ਾਂ ਅਤੇ ਬੱਚੇ ਦੀ ਚੰਗੀ ਸਿਹਤ ਨੂੰ ਸਮਰਥਨ

## ਬਚਾਅ ਦੇ ਆਮ ਢੰਗ

1. ਬਿਲਕੁਲ ਨੇੜੇ ਦੇ ਰਿਸ਼ਤਿਆਂ ਜਿਵੇਂ ਅੰਕਲ, ਭਤੀਜੀ, ਆਦਿ ਵਿੱਚ ਵਿਆਹ ਤੋਂ ਗੁਰੇਜ਼ ਤਾਂ ਜੋ ਅਨੁਵੰਸ਼ਿਕ ਬਿਮਾਰੀਆਂ ਤੋਂ ਬਚਿਆ ਜਾ ਸਕੇ।
2. 18 ਸਾਲ ਦੀ ਉਮਰ ਤੋਂ ਪਹਿਲੇ ਅਤੇ 35 ਸਾਲ ਦੀ ਉਮਰ ਤੋਂ ਬਾਅਦ ਗਰਭਧਾਰਨ ਤੋਂ ਬਚਾਅ।
3. ਗਰਭਧਾਰਨ ਤੋਂ ਪਹਿਲੇ ਡਾਕਟਰ ਦੀ ਸਲਾਹ ਲਉ ਜੇ :-

- ਤੁਹਾਡੇ ਪਰਿਵਾਰ ਵਿੱਚ ਕਿਸੇ ਨੂੰ ਜਮਾਂਦਰੂ ਨੁਕਸ ਹੈ।
- ਜੇ ਤੁਹਾਨੂੰ ਗਰਭਧਾਰਨ ਵਿੱਚ ਮੁਸ਼ਕਲ ਆਉਂਦੀ ਹੈ ਜਾਂ ਗਰਭਪਾਤ ਹੋ ਜਾਂਦਾ ਹੈ।
- ਜੇ ਤੁਹਾਡਾ ਖ਼ੂਨ Rh-ve ਹੈ।
- ਜੇ ਤੁਹਾਨੂੰ ਸ਼ੂਗਰ ਹੈ।



4. ਰੂਬੈਲਾ ਤੋਂ ਬਚਾਅ ਲਈ ਸਾਰੀਆਂ ਔਰਤਾਂ ਟੀਕਾ ਲਗਵਾਉਣ।

## ਗਰਭਕਾਲ ਦੌਰਾਨ ਧਿਆਨ-ਯੋਗ ਗੱਲਾਂ:

1. ਭਾਰੇ ਕੰਮ ਕਰਨ ਤੋਂ ਗੁਰੇਜ਼ ਕਰੋ ਜਿਵੇਂ ਖੇਤਾਂ ਆਦਿ ਵਿੱਚ ਭਾਰ ਚੁੱਕਣਾ ਜਾਂ ਦੁਰਘਟਨਾ-ਗ੍ਰਸਤ ਖੇਤਰਾਂ ਵਿੱਚ ਕੰਮ ਕਰਨਾ, ਫਿਸਲਨਦਾਰ ਜਗ੍ਹਾ ਤੇ ਚੱਲਣਾ ਆਦਿ।
2. ਚੰਗੀ ਸੰਤੁਲਿਤ ਖੁਰਾਕ ਜਿਸ ਵਿੱਚ ਪੱਤੇਦਾਰ ਸਬਜ਼ੀਆਂ, ਪ੍ਰੋਟੀਨ ਅਤੇ ਵਿਟਾਮਿਨ ਹੋਣ।
3. ਦਵਾਈਆਂ ਦਾ ਘੱਟ ਤੋਂ ਘੱਟ ਇਸਤੇਮਾਲ ਕਰੋ। ਕਈ ਵਾਰ ਸਿਫਾਰਿਸ਼ ਕੀਤੀਆਂ ਦਵਾਈਆਂ ਵੀ ਅਣਜੰਮੇ ਬੱਚੇ ਉਤੇ ਮਾੜਾ ਅਸਰ ਕਰ ਸਕਦੀਆਂ ਹਨ।

4. ਸਿਗਰਟ, ਤੰਬਾਕੂ, ਅਲਕੋਹਲ ਆਦਿ ਦਾ ਸੇਵਨ ਨਾ ਕਰੋ।

5. ਐਕਸ-ਰੇ ਆਦਿ ਤੋਂ ਬਚਾਅ ਕਰੋ।

6. ਗਰਭਕਾਲ ਦੇ ਪਹਿਲੇ ਤਿੰਨ ਮਹੀਨੇ ਵਿੱਚ ਖਸਰਾ ਆਦਿ ਬਿਮਾਰੀਆਂ ਤੋਂ ਬਚਾਅ ਕਰਨ ਦੀ ਕੋਸ਼ਿਸ਼ ਕਰੋ।

7. ਸਿੱਕੇ (lead) ਦੇ ਜ਼ਹਿਰ ਤੋਂ ਬਚਾਅ ਕਰੋ।

8. ਸਾਰੀਆਂ ਗਰਭਵਤੀ ਔਰਤਾਂ ਨੂੰ Folic Acid ਦਿਉ।

9. ਗਰਭਕਾਲ ਦੌਰਾਨ ਘੱਟੋ-ਘੱਟ 10 ਕਿਲੋ ਭਾਰ ਵੱਧਣਾ ਚਾਹੀਦਾ ਹੈ। ਰੈਗੂਲਰ ਮੈਡੀਕਲ ਚੈਕ ਅੱਪ ਕਰਵਾਓ।

10. ਸਾਰੀਆਂ ਗਰਭਵਤੀ ਔਰਤਾਂ ਨੂੰ ਟੈਟਨਸ ਦੇ ਟੀਕੇ ਲਗਵਾਉਣੇ ਚਾਹੀਦੇ ਹਨ।

## ਜਨਮ ਦੇ ਸਮੇਂ ਧਿਆਨ ਯੋਗ ਗੱਲਾਂ:-

1. ਟ੍ਰੇਂਡ ਕਰਮਚਾਰੀਆਂ ਤੋਂ ਹੀ delivery ਕਰਵਾਓ, ਹੋ ਸਕੇ ਤਾਂ ਹਸਪਤਾਲ ਵਿੱਚ ਹੀ ਜਾਓ ਜਿੱਥੇ ਸਾਰੀਆਂ ਸੁਵਿਧਾਵਾਂ ਹੁੰਦੀਆਂ ਹਨ।

2. ਜੇ ਬੱਚਾ ਜਨਮ ਤੋਂ ਇਕਦਮ ਬਾਅਦ ਵਿੱਚ ਨਹੀਂ ਰੋਂਦਾ, ਤਾਂ ਬਚਾਅ ਦੇ ਢੰਗਾਂ ਦਾ ਇਕਦਮ ਇਸਤੇਮਾਲ ਕਰੋ।

3. ਸਮੇਂ ਤੋਂ ਪਹਿਲਾਂ ਪੈਦਾ ਹੋਏ ਜਾਂ ਘੱਟ ਭਾਰ ਵਾਲੇ ਬੱਚਿਆਂ ਨੂੰ ਜ਼ਿਆਦਾ ਧਿਆਨ ਦੇਣ ਦੀ ਲੋੜ ਹੈ।

4. ਜੇ ਬੱਚੇ ਦਾ ਸਿਰ ਜ਼ਿਆਦਾ ਵੱਡਾ ਜਾਂ ਛੋਟਾ ਹੈ ਤਾਂ ਡਾਕਟਰ ਦੀ ਸਲਾਹ ਜ਼ਰੂਰ ਲਉ। ਲੜਕੇ ਦਾ ਜਨਮ ਸਮੇ ਸਿਰ ਦਾ ਆਕਾਰ ਲਗਭਗ 35 ਸੈ:ਮੀ ਅਤੇ ਲੜਕੀ ਦਾ 34.5 ਸੈ:ਮੀ ਹੁੰਦਾ ਹੈ।

5. ਬੱਚੇ ਨੂੰ ਛੂਤ ਦੇ ਰੋਗਾਂ ਤੋਂ ਬਚਾਓ।

ਜਨਮ ਤੋਂ ਇਕਦਮ ਬਾਅਦ ਬੱਚੇ ਨੂੰ ਮਾਂ ਦਾ ਦੁੱਧ ਦਿਉ।




## ਮੁੱਢਲੀ ਬਾਲ ਦੇਖ-ਰੇਖ:

1. ਬੱਚੇ ਦੇ ਸਰੀਰ ਦਾ ਤਾਪਮਾਨ 101% ਤੋਂ ਵਧਣ ਨਾ ਦਿਉ।
2. ਜੇ ਬੱਚੇ ਨੂੰ ਫਿੱਟ ਪੈਂਦੇ ਹੋਣ ਤਾਂ ਉਸਨੂੰ ਡਾਕਟਰ ਕੋਲ ਲੈ ਕੇ ਜਾਓ।
3. ਬੱਚੇ ਨੂੰ ਛੂਤ ਦੇ ਰੋਗਾਂ ਦੇ ਸਾਰੇ ਟੀਕੇ ਸਮੇਂ ਸਿਰ ਲਗਵਾਓ।



4. ਬੱਚੇ ਨੂੰ ਪੇਂਟ, ਸਿਆਹੀ, ਸਿੱਕੇ ਆਦਿ ਦੇ ਨੇੜੇ ਨਾ ਲੈ ਕੇ ਜਾਓ।

5. ਦੁਰਘਟਨਾ ਆਦਿ ਤੋਂ ਬਚਾਅ ਰੱਖੋ।



6. ਬੱਚੇ ਨੂੰ ਸੰਤੁਲਿਤ ਖੁਰਾਕ ਦਿਉ।






7. ਸਾਫ-ਸੁਥਰਾ ਵਾਤਾਵਰਨ ਰੱਖ ਕੇ ਬੱਚੇ ਨੂੰ ਦਿਮਾਗੀ ਬੁਖਾਰ ਆਦਿ ਤੋਂ ਬਚਾਓ।

8. ਆਇਉਡੀਨ-ਨਮਕ ਦਾ ਇਸਤੇਮਾਲ ਕਰੋ।

9. ਬੱਚੇ ਨੂੰ ਮਾਚਸ ਦੀਆਂ ਤੀਲੀਆਂ, ਪੈਨਸਿਲਾਂ, ਸੂਈਆਂ ਆਦਿ ਨਾਲ ਕੰਨ ਸਾਫ਼ ਕਰਨ ਤੋਂ ਬਚਾਓ।

10. ਵਿਟਾਮਿਨ ਏ ਦੀ ਘਾਟ ਨਾ ਹੋਣ ਦਿਉ।

11. ਜ਼ਿਆਦਾ ਸ਼ੋਰ-ਸ਼ਰਾਬੇ ਵਾਲੀਆਂ ਥਾਵਾਂ ਤੇ ਬੱਚੇ ਦੇ ਕੰਨਾਂ ਨੂੰ ਬਚਾ ਕੇ ਰੱਖੋ।

12. ਬੱਚੇ ਦੇ ਗੱਲ੍ਹਾਂ ਅਤੇ ਕੰਨਾਂ ਉੱਤੇ ਨਾ ਮਾਰੋ। ਇਸ ਨਾਲ ਸੁਣਨ ਸੰਬੰਧੀ ਵਿਕਾਰ ਪੈਦਾ ਹੋ ਸਕਦਾ ਹੈ।

# ਬੱਚੇ ਦੀ ਉਮਰ ਮੁਤਾਬਿਕ ਮੀਲ ਪੱਥਰ

## ਧਿਆਨ ਦੇਣ ਯੋਗ ਗੱਲਾਂ:-

ਜੇਕਰ ਬੱਚੇ ਦਾ ਵਿਕਾਸ ਆਪਣੀ ਉਮਰ ਦੇ ਹਿਸਾਬ ਨਾਲ ਹੋ ਰਿਹਾ ਹੋਵੇ ਤਾਂ ਉਹ ਉਮਰ ਦੇ ਹਿਸਾਬ ਨਾਲ ਹੇਠ ਲਿਖੀਆਂ ਗਤੀਵਿਧੀਆਂ ਕਰਨੀਆਂ ਸ਼ੁਰੂ ਕਰ ਦਿੰਦਾ ਹੈ :–

## ਤਿੰਨ ਮਹੀਨੇ ਤੱਕ:-

1. ਵੇਖ ਕੇ ਮੁਸਕਰਾਉਣਾ
2. ਸਿਰ ਸੰਭਾਲਣਾ
3. ਖਿਡੌਣਿਆਂ ਨੂੰ ਹੱਥਾਂ ਨਾਲ ਫੜਨਾ ਤੇ ਹਿਲਾਉਣਾ
4. ਕਿਸੇ ਵੀ ਹਿਲਦੀ ਚੀਜ਼ ਨੂੰ ਵੇਖ ਕੇ ਨਜ਼ਰਾਂ ਘੁਮਾਉਣਾ
5. ਹੁੰਗਾਰਾ ਭਰਨਾ
6. ਆਵਾਜ਼ ਸੁਣ ਕੇ ਬੱਚਾ ਉਸ ਪਾਸੇ ਸਿਰ ਘੁਮਾਉਂਦਾ ਹੈ।

## ਸੱਤ ਮਹੀਨੇ ਤੱਕ:-

1. ਸ਼ੀਸ਼ੇ ਵਿੱਚ ਆਪਣੇ ਆਪ ਨੂੰ ਵੇਖ ਕੇ ਖੁਸ਼ ਹੋਣਾ।
2. ਹੱਥਾਂ ਦੇ ਸਹਾਰੇ ਜਾਂ ਬਿਨਾਂ ਸਹਾਰੇ ਬੈਠਣਾ।
3. ਮੂੰਹ ਜਾਂ ਹੱਥ ਨਾਲ ਚੀਜ਼ਾਂ ਮਹਿਸੂਸ ਕਰਨਾ।
4. ਇੱਕ ਹੱਥ ਤੋਂ ਦੂਜੇ ਹੱਥ ਚੀਜ਼ ਦੇਣਾ।
5. ਅੱਗੇ ਅਤੇ ਪਿੱਛੇ ਦੋਨੇਂ ਪਾਸੇ ਪਲਟੀਆਂ ਮਾਰਨਾ।

## 12 ਮਹੀਨੇ ਤੱਕ:-

1. ਘੋੜੇ ਬਣ ਕੇ ਰਿੜਨਾ
2. ਖਿਸਕਣਾ ਜਾਂ ਮੇਜ਼, ਕੁਰਸੀ ਫੜ ਕੇ ਤੁਰਨਾ।
3. ਬਿਨਾਂ ਸਹਾਰੇ ਦੇ 2–3 ਕਦਮ ਤੁਰਨਾ।
4. ਦਾਦਾ, ਮਾਮਾ ਆਦਿ ਬੋਲਣਾ।
5. ਹਾਂ, ਨਾ ਕਹਿਣ ਨੂੰ ਸਮਝਣਾ।
6. ਸ਼ਬਦਾਂ ਦੀ ਨਕਲ ਕਰਨਾ।
7. ਹੱਥਾਂ ਨੂੰ ਹਿਲਾ ਕੇ ਟਾ–ਟਾ ਕਰਨਾ।
8. ਝਾਤੀਆਂ ਮਾਰਨ ਤੇ ਖੇਡਣਾ।
9. ਚੀਜ਼ਾਂ ਨੂੰ ਉਂਗਲਾਂ ਵਿੱਚ ਫੜਨਾ।

ਨੋਟ : ਜੇਕਰ ਉਮਰ ਦੇ ਹਿਸਾਬ ਨਾਲ ਉਪਰੋਕਤ ਗਤੀਵਿਧੀਆਂ ਬੱਚੇ ਵਿਚ ਦਿਖਾਈ ਨਾ ਦੇਣ ਤਾਂ ਤੁਰੰਤ ਕਿਸੇ ਡਾਕਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ।

## ਮਾਤਾ -ਪਿਤਾ ਦਾ ਰੋਲ :

1 ਮਾਤਾ-ਪਿਤਾ ਦਾ ਸਭ ਤੋਂ ਮਹੱਤਵਪੂਰਨ ਰੋਲ ਇਹ ਹੈ ਕਿ ਬੱਚਿਆਂ ਦੀ ਡਿਸਏਬਿਲਟੀ ਨੂੰ ਮਾਨਤਾ-ਮਹੱਤਵ ਦੇਣ ਅਤੇ ਉਸ ਦੀ ਡਿਸਏਬਿਲਟੀ ਨੂੰ ਸਵੀਕਾਰ ਕਰਨ।

2 ਸਿੱਖਣ ਸਬੰਧੀ ਵਾਤਾਵਰਨ ਪੈਦਾ ਕਰਨ।

3 ਬੱਚੇ ਦੇ ਵਿਗਾੜ ਦੀ ਕਿਸਮ ਅਤੇ ਮਾਤਰਾ ਦੇ ਹਿਸਾਬ ਨਾਲ ਉਸ ਨੂੰ ਖਾਸ ਕਿਸਮ ਦੀ ਸਹਾਇਤਾ ਪ੍ਰਦਾਨ ਕਰਨ।

4 ਬੱਚੇ ਦੇ ਹਾਣੀਆਂ ਅਤੇ ਦੋਸਤਾਂ ਵਿੱਚ ਉਸਨੂੰ ਭਾਵੁਕ ਤੌਰ ਤੇ ਸਵੀਕਾਰ ਕਰਨ ਵਿੱਚ ਵਾਧਾ ਕਰਨਾ।

5 ਆਸਪਾਸ ਦੇ ਦੂਜੇ ਬੱਚਿਆਂ ਨਾਲ ਖੇਡਣ ਲਈ ਉਤਸ਼ਾਹਿਤ ਕਰਨਾ।

6 ਬੱਚਿਆਂ ਤੋਂ ਸੱਚੀਆਂ ਉਮੀਦਾਂ ਲਾਉਣ।

7 ਅਧਿਆਪਕਾਂ/ਮਾਪਿਆਂ ਵੱਲੋਂ ਸਿੱਖਣ ਸਬੰਧੀ ਸਾਂਝੇ ਯਤਨ ਕੀਤੇ ਜਾਣ ਤਾਂ ਹੀ ਵਿਸ਼ੇਸ਼ ਲੋੜਾਂ ਵਾਲਾ ਬੱਚਾ ਸਕੂਲੀ ਵਿੱਦਿਆ ਤੋਂ ਲਾਭ ਪ੍ਰਾਪਤ ਕਰ ਸਕਦਾ ਹੈ।

8 ਇਹ ਬਹੁਤ ਮਹੱਤਵਪੂਰਨ ਹੈ ਕਿ ਮਾਪੇ ਆਪਣੇ ਵਿਸ਼ੇਸ਼ ਲੋੜਾਂ ਵਾਲੇ ਬੱਚੇ ਨੂੰ ਜਿੰਨੀ ਜਲਦੀ ਹੋ ਸਕੇ ਆਪਣੇ ਆਪ ਆਜ਼ਾਦ ਤੌਰ ਤੇ ਰਹਿਣ ਦੇਣ। ਇਹ ਬੱਚੇ ਨੂੰ ਆਪਣੇ ਬਾਰੇ ਚੰਗਾ ਮਹਿਸੂਸ ਕਰਨ ਅਤੇ ਸਮਾਜਿਕ ਹੁਨਰ ਵਧਾਉਣ ਲਈ ਮੱਦਦ ਕਰਦਾ ਹੈ।

9 ਵਿਸ਼ੇਸ਼ ਲੋੜਾਂ ਵਾਲੇ ਬੱਚੇ ਦੇ ਸਵੈਮਾਣ ਨੂੰ ਵਧੀਆ ਪਾਲਣ ਪੋਸਣ ਰਾਹੀਂ ਵਧਾਉਣਾ ਚਾਹੀਦਾ ਹੈ।

10 ਉਸਦੇ ਹਾਣੀਆਂ ਨਾਲ ਉਸਦੇ ਹੁਨਰ ਦਾ ਮੁਕਾਬਲਾ ਕਦੇ ਨਾ ਕਰੋ।

11 ਹਰ ਇੱਕ ਬੱਚੇ 'ਚ ਦੂਜਿਆਂ ਨਾਲ ਮੁਕਾਬਲਾ ਕਰਨ ਦੀ ਸ਼ਕਤੀ ਹੁੰਦੀ ਹੈ। ਇਸ ਨੂੰ ਪਛਾਣਨ ਅਤੇ ਦੁਬਾਰਾ ਚਾਲੂ ਕਰਨ ਦੀ ਲੋੜ ਹੁੰਦੀ ਹੈ।

12 ਮਾਤਾ-ਪਿਤਾ ਜਿਹੜੇ ਆਪਣੇ ਬੱਚਿਆਂ ਦੀ ਆਸ ਬਣਾਈ ਰੱਖਦੇ ਹਨ ਉਹ ਉਸਦੀ ਵਿਸ਼ੇਸ਼ ਲੋੜਾਂ ਅਤੇ ਘਟੀਆ ਹੋਣ ਦੀ ਸੋਚ ਨੂੰ ਖਤਮ ਕਰਨ ਵਿੱਚ ਬਹੁਤ ਵੱਡੀ ਮੱਦਦ ਕਰਦੇ ਹਨ ।

13 ਕਿਸੇ ਬੱਚੇ ਵਿੱਚ ਜ਼ਿੰਮੇਵਾਰੀ ਅਤੇ ਪਰਿਵਾਰ ਪ੍ਰਤੀ ਯੋਗਦਾਨ ਦੀ ਭਾਵਨਾ ਵਿੱਚ ਵਾਧਾ ਕਰਕੇ ਮਾਪੇ ਆਪਣੇ ਵਿਸ਼ੇਸ਼ ਲੋੜਾਂ ਵਾਲੇ ਬੱਚੇ ਦੀ ਮੱਦਦ ਕਰ ਸਕਦੇ ਹਨ।

14 ਮਾਤਾ-ਪਿਤਾ ਆਪਣੇ ਬੱਚਿਆਂ ਨੂੰ ਪਸੰਦ ਕਰਨ ਅਤੇ ਫੈਸਲਾ ਲੈਣ ਦਾ ਮੌਕਾ ਦੇ ਕੇ ਉਸਦੇ ਅਨੁਸ਼ਾਸਨ ਵਿੱਚ ਰਹਿਣ ਵਿੱਚ ਵਾਧਾ ਕਰ ਸਕਦੇ ਹਨ ।

15 ਮਾਤਾ-ਪਿਤਾ ਆਪਣੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਗਲਤੀਆਂ ਅਤੇ ਅਸਫ਼ਲਤਾਵਾਂ ਨਾਲ ਹੌਸਲੇ ਨਾਲ ਨਜਿੱਠਣ ਲਈ ਸਹਾਇਤਾ ਕਰ ਸਕਦੇ ਹਨ ।

# ਪਾਠ-10
# ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ

ਸਰਵ ਸਿੱਖਿਆ ਅਭਿਆਨ ਦੇ ਅਧੀਨ ਚਲ ਰਹੇ ਆਈ.ਈ.ਡੀ. ਕੰਪੋਨੈਂਟ ਵਿੱਚ ਹੇਠਾਂ ਲਿਖੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ ਅਤੇ ਜਿਹੜੇ ਵਿਅਕਤੀ ਇਸ ਅਧੀਨ ਕੰਮ ਕਰ ਰਹੇ ਹਨ ਉਹ ਇਸ ਤਰ੍ਹਾਂ ਹਨ।

**1. IERTs :** ਹਰ ਇਕ ਜ਼ਿਲ੍ਹੇ ਵਿੱਚ ਹਰ ਬਲਾਕ ਅੰਦਰ ਕਲੱਸਟਰ ਪੱਧਰ ਤੇ ਵਿਸ਼ੇਸ਼ ਸਿੱਖਿਆ ਵਿਚ ਮਾਹਿਰ ਅਧਿਆਪਕ ਇਨ੍ਹਾਂ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਲੋੜੀਂਦੀ ਸਿੱਖਿਆ ਦੇਣ ਲਈ ਰੱਖੇ ਗਏ ਹਨ। ਇਹ IERTs ਆਪਣੇ ਅਧੀਨ ਆਉਂਦੇ ਸਾਰੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦਾ ਪੂਰਾ ਵੇਰਵਾ ਆਪਣੇ ਕੋਲ ਰੱਖਦੇ ਹਨ ਅਤੇ ਇਨ੍ਹਾਂ ਬੱਚਿਆਂ ਨੂੰ ਲੋੜੀਂਦੀ ਸਹਾਇਤਾ, ਸਮੱਗਰੀ ਅਤੇ ਸਹੂਲਤਾਂ ਮੁਹੱਈਆ ਕਰਵਾਉਂਦੇ ਹਨ। ਇਹ ਆਪਣੇ ਖੇਤਰ ਅਧੀਨ ਪੈਂਦੇ ਸਕੂਲਾਂ ਦੇ ਅਧਿਆਪਕਾਂ ਨਾਲ ਬੱਚਿਆਂ ਨੂੰ ਪੜ੍ਹਾਉਣ ਅਤੇ ਉਨ੍ਹਾਂ ਦੇ ਮੁਲਾਂਕਣ ਕਰਨ ਲਈ ਰਾਬਤਾ ਰੱਖਦੇ ਹਨ।

**2. IEV :** ਕਲੱਸਟਰ ਪੱਧਰ ਤੇ ਆਈ.ਈ. ਵਲੰਟੀਅਰ ਵੀ ਰੱਖੇ ਗਏ ਹਨ ਜਿਹੜੇ ਵਿਸ਼ੇਸ਼ ਬੱਚਿਆਂ ਨੂੰ ਘਰ ਵਿੱਚ ਹੀ ਸਿੱਖਿਆ (Home Based Education) ਦਿੰਦੇ ਹਨ ਅਤੇ ਬੱਚੇ ਨੂੰ ਸਵੈ-ਨਿਰਭਰ ਬਣਾਉਣ ਲਈ ਗਤੀਵਿਧੀਆਂ ਸਿਖਾਉਂਦੇ ਹਨ ਅਤੇ ਰਿਸੋਰਸ ਰੂਮ ਵਿੱਚ ਬੱਚਿਆਂ ਨੂੰ IERT ਦੀ ਨਿਗਰਾਨੀ ਹੇਠ ਪੜ੍ਹਾਉਂਦੇ ਹਨ।

**3. IED Coordinator/ DSE :** ਜ਼ਿਲ੍ਹਾ ਪੱਧਰ ਤੇ ਇਹ ਕੰਮ ਕਰਦੇ ਹਨ ਇਨ੍ਹਾਂ ਕੋਲ ਸਾਰੇ ਜ਼ਿਲ੍ਹੇ ਦਾ ਰਿਕਾਰਡ ਹੁੰਦਾ ਹੈ।

## ਜਿਹੜੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ :

ਘਰੋਂ ਘਰੀਂ ਜਾ ਕੇ ਸਿੱਖਿਆ ਦਿੱਤੀ ਜਾ ਰਹੀ ਹੈ। ਜਿਹੜੇ ਬੱਚੇ ਘਰੋਂ ਬਾਹਰ ਨਹੀਂ ਜਾ ਸਕਦੇ, ਉਹ ਸਿੱਖਿਆ ਤੋਂ ਵਾਂਝੇ ਰਹਿ ਜਾਂਦੇ ਹਨ ਜਿਵੇਂ ਕਿ ਸਵੀਅਰ ਬੱਚੇ ਤਾਂ ਇਨ੍ਹਾਂ ਬੱਚਿਆਂ ਨੂੰ ਇਹ IERTs, IEV ਘਰੋਂ ਘਰੀਂ ਜਾ ਕੇ ਸਿੱਖਿਆ ਪ੍ਰਦਾਨ ਕਰਦੇ ਹਨ।

ਸਰਵ ਸਿੱਖਿਆ ਅਭਿਆਨ ਦੇ ਅੰਤਰਗਤ ਸਕੂਲਾਂ ਵਿਚ ਜਾ ਰਹੇ ਸਪੈਸ਼ਲ ਬੱਚਿਆਂ ਨੂੰ ਸਕੂਲਾਂ ਵਿਚ ਦਾਖਲ ਕਰਨਾ ਯਕੀਨੀ ਬਣਾਇਆ ਜਾਵੇ। ਸਪੈਸ਼ਲ ਬੱਚਿਆਂ ਨੂੰ ਪੜ੍ਹਾਉਣ ਲਈ ਟੀਚਰ ਨੂੰ ਸਪੈਸ਼ਲ ਟਰੇਨਿੰਗ ਦਿੱਤੀ ਜਾਂਦੀ ਹੈ ਕਿ ਤੁਸੀਂ ਇਨ੍ਹਾਂ ਨੂੰ ਕਿਸ ਤਰ੍ਹਾਂ ਨਾਲ ਪੜ੍ਹਾਉਣਾ ਹੈ, ਕਿਉਂਕਿ ਜਿਹੜੇ ਰਿਸੋਰਸ ਰੂਮ ਹਨ ਉਹ ਬਲਾਕ ਵਿਚ ਹੀ ਖੋਲ੍ਹੇ ਗਏ ਹਨ। ਇਸ ਕਰਕੇ ਬਾਕੀ ਸਕੂਲਾਂ ਵਿਚ ਵੀ ਜਾ ਕੇ ਟੀਚਰਾਂ ਨੂੰ ਟਰੇਨਿੰਗ ਦਿੱਤੀ ਜਾਂਦੀ ਹੈ ਤਾਂ ਕਿ ਇਹ ਬੱਚੇ ਸਿੱਖਿਆ ਤੋਂ ਵਾਂਝੇ ਨਾ ਰਹਿ ਸਕਣ।

ਅਧਿਆਪਕਾਂ ਨੂੰ ਫਾਉਂਡੇਸ਼ਨ ਕੋਰਸ ਕਰਵਾਏ ਜਾ ਰਹੇ ਹਨ ਤਾਂ ਕਿ ਟੀਚਰ ਨੂੰ ਵੀ ਇਨ੍ਹਾਂ ਬਾਰੇ ਜਾਣਕਾਰੀ ਪ੍ਰਾਪਤ ਹੋਵੇ ਤੇ ਇਨ੍ਹਾਂ ਬੱਚਿਆਂ ਨੂੰ ਸਮਝਣ ਤੇ ਸਿੱਖਿਆ ਦੇਣ ਵਿਚ ਇਨ੍ਹਾਂ ਨੂੰ ਸਹਾਇਤਾ ਮਿਲਦੀ ਹੈ।

**ਰਿਸੋਰਸ ਰੂਮ :** ਸਮੱਸਿਆ ਗ੍ਰਸਤ ਬੱਚਿਆਂ ਨੂੰ ਸਕੂਲ ਵਿਚ ਦਾਖਲ ਕਰਨ ਵਿਚ ਔਖ ਆ ਸਕਦੀ ਹੈ। ਕਿਉਂਕਿ ਇਹ ਬੱਚੇ ਸਪੈਸ਼ਲ ਧਿਆਨ ਚਾਹੁੰਦੇ ਹਨ ਤਾਂ ਇਨ੍ਹਾਂ ਸਪੈਸ਼ਲ ਬੱਚਿਆਂ ਲਈ ਰਿਸੋਰਸ ਰੂਮ ਕਲੱਸਟਰ ਪੱਧਰ ਤੇ ਖੋਲੇ ਗਏ ਹਨ ਜਿੱਥੇ ਜਾ ਕੇ ਬੱਚੇ ਸਿੱਖਿਆ ਪ੍ਰਾਪਤ ਕਰਦੇ ਹਨ। ਹਰੇਕ ਤਿੰਨ ਜਾਂ ਛੇ ਮਹੀਨੇ ਬਾਅਦ ਇਨ੍ਹਾਂ ਬੱਚਿਆਂ ਨੂੰ ਨਾਰਮਲ ਪ੍ਰਾਇਮਰੀ ਸਕੂਲ ਵਿੱਚ ਮੇਨਸਟ੍ਰੀਮ ਕੀਤਾ ਜਾਂਦਾ ਹੈ ਤਾਂਕਿ ਇਹ ਵੀ ਬਾਕੀ ਬੱਚਿਆਂ ਦੀ ਤਰ੍ਹਾਂ ਸਿੱਖਿਆ ਲੈ ਸਕਣ।

**ਰੈਮਿਡੀਅਲ ਕੋਚਿੰਗ :** ਸਕੂਲਾਂ ਵਿਚ ਬੱਚਿਆਂ ਦੀ ਗਿਣਤੀ ਜ਼ਿਆਦਾ ਹੋਣ ਕਰਕੇ ਟੀਚਰ ਵਿਸ਼ੇਸ਼ ਬੱਚੇ ਵੱਲ ਧਿਆਨ ਨਹੀਂ ਦੇ ਪਾਉਂਦੇ ਜਿਸ ਕਰਕੇ ਉਹ ਸਪੈਸ਼ਲ ਬੱਚੇ ਪੱਛੜ ਜਾਂਦੇ ਹਨ ਤੇ ਇਨ੍ਹਾਂ ਬੱਚਿਆਂ ਨੂੰ ਬਾਕੀ ਬੱਚਿਆਂ ਦੇ ਬਰਾਬਰ ਰੱਖਣ ਲਈ ਹੀ IERTs ਰੈਮਿਡੀਅਲ ਕੋਚਿੰਗ ਦਿੰਦੇ ਹਨ।

**ਲਰਨਿੰਗ ਡਿਸਏਬਲਡ ਪ੍ਰੋਜੈਕਟ :** ਇਸ ਦੇ ਅਧੀਨ ਕਈ ਬੱਚੇ ਅਜਿਹੇ ਹਨ ਜਿਹੜੇ ਕਿ ਕਿਸੇ ਨਾ ਕਿਸੇ ਕਾਰਨ ਪੜ੍ਹਾਈ ਤੋਂ ਪਿੱਛੜ ਜਾਂਦੇ ਹਨ। ਇਹ ਲਰਨਿੰਗ ਡਿਸਏਬਲਡ ਪ੍ਰੋਜੈਕਟ ਸ਼ੁਰੂ ਕਰਕੇ ਉਨ੍ਹਾਂ ਦੀ ਸਿੱਖਣ ਲਈ ਮੱਦਦ ਕੀਤੀ ਜਾ ਰਹੀ ਹੈ।

**ਹਰੇਕ ਤਰ੍ਹਾਂ ਦੀ ਸਰਜਰੀ ਸਰਵ ਸਿੱਖਿਆ ਅਭਿਆਨ ਅਧੀਨ ਕਰਵਾਈ ਜਾ ਰਹੀ ਹੈ :** ਜਿਵੇਂ ਕਿ ਪੋਲੀਓ ਦੀ ਸਰਜਰੀ, ਸੀ.ਪੀ. ਦੀ ਸਰਜਰੀ, ਐਮ.ਡੀ. ਦੀ ਸਰਜਰੀ, ਕੰਨਾਂ ਦੀ ਸਰਜਰੀ, ਅੱਖਾਂ ਦੀ ਸਰਜਰੀ। ਇਸ ਪ੍ਰਕਾਰ ਇਨ੍ਹਾਂ ਸਰਜਰੀ ਉੱਤੇ ਜਿੰਨਾ ਵੀ ਖਰਚਾ ਹੋ ਰਿਹਾ ਹੈ ਇਹ ਸਾਰਾ ਸਰਵ ਸਿੱਖਿਆ ਅਭਿਆਨ ਅਧੀਨ ਹੋ ਰਿਹਾ ਹੈ। ਇਸ ਵਿਚੋਂ ਸਪੈਸ਼ਲ ਬੱਚਿਆਂ ਦੇ ਮਾਤਾ ਪਿਤਾ ਤੋਂ ਕਿਸੇ ਵੀ ਪ੍ਰਕਾਰ ਦੀ ਫੀਸ ਨਹੀਂ ਰੱਖੀ ਗਈ ਹੈ।

**ਬੱਚਿਆਂ ਦੇ ਅੰਗਹੀਣਤਾ ਦਾ ਸਰਟੀਫਿਕੇਟ,** ਰੇਲ ਪਾਸ, ਬੱਸ ਪਾਸ, ਪੈਨਸ਼ਨ ਸਕੀਮ, ਇਨਸ਼ੋਰੈਂਸ ਸਕੀਮ : ਇਹ ਸਾਰੀਆਂ ਸਕੀਮਾਂ ਸਰਵ ਸਿੱਖਿਆ ਅਭਿਆਨ ਅਧੀਨ ਇਨ੍ਹਾਂ ਸਪੈਸ਼ਲ ਬੱਚਿਆਂ ਨੂੰ ਦਿੱਤੀਆਂ ਜਾ ਰਹੀਆਂ ਹਨ।

**ਫਿਜ਼ਿਓਥਰੈਪੀ :** ਜਿਹੜੇ ਸਪੈਸ਼ਲ ਬੱਚੇ ਨੂੰ ਸਰਜਰੀ ਤੋਂ ਪਹਿਲਾਂ ਥਰੈਪੀ ਦੀ ਜ਼ਰੂਰਤ ਹੋਵੇ ਤੇ ਬਾਅਦ ਵਿਚ ਸਰਜਰੀ ਦੀ ਜ਼ਰੂਰਤ ਹੋਵੇ ਉਹਨਾਂ ਬੱਚਿਆਂ ਨੂੰ ਫਿਜ਼ਿਓਥਰੈਪੀ ਦਿੱਤੀ ਜਾ ਰਹੀ ਹੈ ਤੇ ਜਿਹੜੇ ਬੱਚੇ ਸਰਜਰੀ ਤੋਂ ਬਿਨਾਂ ਥਰੈਪੀ ਨਾਲ ਹੀ ਠੀਕ ਹੋ ਸਕਦੇ ਹਨ ਉਹਨਾਂ ਨੂੰ ਥਰੈਪੀ ਦਿੱਤੀ ਜਾ ਰਹੀ ਹੈ।

**ਵੋਕੇਸ਼ਨਲ ਪ੍ਰੋਜੈਕਟ :** ਸਪੈਸ਼ਲ ਬੱਚਿਆਂ ਲਈ ਵੋਕੇਸ਼ਨਲ ਪ੍ਰੋਜੈਕਟ ਵੀ ਸ਼ੁਰੂ ਕੀਤਾ ਜਾ ਰਿਹਾ ਹੈ ਤਾਂ ਕਿ ਇਹ ਸਵੈ ਨਿਰਭਰ ਹੋ ਸਕਣ ਤੇ ਇਨਕਮ ਦਾ ਸਾਧਨ ਬਣਾ ਸਕਣ। ਇਸ ਲਈ ਜੇ ਤੁਹਾਡੇ ਪਿੰਡਾਂ ਵਿਚ ਕਿਸੇ ਵੀ ਕਿਸਮ ਦਾ ਕਿੱਤਾ ਕੇਂਦਰ ਹੈ ਤਾਂ ਉਸ ਵਿੱਚ ਇਨ੍ਹਾਂ ਬੱਚਿਆਂ ਦੀ ਰੁਚੀ ਪੈਦਾ ਕਰਨੀ ਜਰੂਰੀ ਹੈ ਤਾਂਕਿ ਬੱਚੇ ਵੋਕੇਸ਼ਨ ਵਿੱਚ ਦਿਲਚਸਪੀ ਲੈ ਸਕਣ।

**Niramaya Health Insurance Scheme :** ਇਸ ਵਿੱਚ ਐਮ.ਆਰ. (Mental Retardation) ਐਮ.ਡੀ (Multiple Disabled), ਸੀ.ਪੀ. (Cerebral Palsy) ਅਤੇ Austistic (Autism) ਬੱਚਿਆਂ ਨੂੰ ਕਵਰ ਕੀਤਾ ਜਾ ਰਿਹਾ ਹੈ। ਜਿਸ ਵਿੱਚ ਕਿ ਬੱਚਿਆਂ ਦੀ ਹੈਲਥ ਇਨਸ਼ਿਉਰੈਂਸ ਕੀਤੀ ਜਾ ਰਹੀ ਹੈ। ਕਮੇਟੀ ਵਿੱਚ ਸਪੈਸ਼ਲ ਬੱਚੇ ਦੇ ਮਾਤਾ ਪਿਤਾ ਨੂੰ ਕਮੇਟੀ ਦਾ ਮੈਂਬਰ ਵੀ ਬਣਾਉਣਾ ਹੈ।


ਆਈ.ਈ.ਡੀ. ਕੰਪੋਨੈਂਟ ਦੇ ਅਧੀਨ ਉਪਰ ਲਿਖੇ ਸਾਰੇ ਕੰਮ ਕੀਤੇ ਜਾ ਰਹੇ ਹਨ ਤੇ ਇਸ ਵਿੱਚ ਸਾਰੇ ਵਿਅਕਤੀ ਆਈ.ਈ.ਆਰ.ਟੀ, ਆਈ.ਈ.ਡੀ.ਕੋਆਰਡੀਨੇਟਰ, ਡੀ.ਐਸ.ਈ. ਆਪਣੀ ਆਪਣੀ ਡਿਊਟੀ ਨਿਭਾ ਰਹੇ ਹਨ। ਇਸ ਪ੍ਰਕਾਰ ਹੀ ਤੁਸੀਂ ਸਾਰੇ ਅਧਿਆਪਕ ਵੀ ਸਾਡੇ ਨਾਲ ਮਿਲਕੇ ਕੰਮ ਕਰੋ ਅਤੇ ਆਪਣੇ ਪਿੰਡਾਂ ਵਿੱਚ ਇਹਨਾਂ ਕੰਮਾਂ ਬਾਰੇ ਦੱਸੋ ਭਾਵ ਇਨ੍ਹਾਂ ਬੱਚਿਆਂ ਲਈ ਤੁਸੀਂ ਵੀ ਵੱਧ ਤੋਂ ਵੱਧ ਉਤਸ਼ਾਹਿਤ ਹੋ ਕੇ ਕੰਮ ਕਰੋ।

ਸਕੂਲਾਂ ਵਿੱਚ ਰੈਂਪ ਬਣਵਾਏ ਜਾ ਰਹੇ ਹਨ ਜੇਕਰ ਕੋਈ ਬੱਚਾ ਵ੍ਹੀਲ ਚੇਅਰ ਤੇ ਹੈ ਤਾਂ ਉਹ ਅਸਾਨੀ ਨਾਲ ਆਪਣੀ ਕਲਾਸ ਵਿੱਚ ਜਾ ਸਕੇ।










ਬਾਥਰੂਮ ਵਿੱਚ ਵੀ ਸੁਧਾਰ ਕੀਤਾ ਜਾ ਰਿਹਾ ਹੈ ਜਿਵੇਂ ਕਿ ਦਰਵਾਜ਼ਾ ਵੱਡਾ ਰੱਖਿਆ ਜਾਵੇ ਜੇਕਰ ਰੈਂਪ ਦੀ ਜ਼ਰੂਰਤ ਹੈ ਤਾਂ ਰੈਂਪ ਵੀ ਬਣਵਾਏ ਜਾਣ ਤਾਂ ਕਿ ਬੱਚਾ ਅਸਾਨੀ ਨਾਲ ਆਪਣੀ ਵ੍ਹੀਲ ਚੇਅਰ ਜਾਂ ਟਰਾਈ-ਸਾਈਕਲ ਅੰਦਰ ਤੱਕ ਲਿਜਾ ਸਕੇ।

ਬਾਥਰੂਮਾਂ ਵਿੱਚ ਇਨ੍ਹਾਂ ਬੱਚਿਆਂ ਲਈ ਸਪੈਸ਼ਲ ਟਾਇਲਟ ਸੀਟਾਂ ਵੀ ਲਗਵਾਈਆਂ ਜਾ ਰਹੀਆਂ ਹਨ ਤਾਂ ਕਿ ਇਨ੍ਹਾਂ ਬੱਚਿਆਂ ਨੂੰ ਆਪਣੇ ਸਕੂਲ ਵਿੱਚ ਠਹਿਰਣ ਦੇ ਦੌਰਾਨ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਨਾ ਆਵੇ।



**ਸਮਾਜ ਵਿੱਚੋਂ ਸਮਾਜਿਕ ਰੁਕਾਵਟਾਂ ਨੂੰ ਦੂਰ ਕਰਨਾ :** ਤੁਸੀਂ ਸਾਰੇ ਸਮਾਜ ਵਿੱਚ ਰਹਿੰਦੇ ਹੋ ਅਤੇ ਇਹ ਬੱਚੇ ਵੀ ਇਸੇ ਸਮਾਜ ਦਾ ਹਿੱਸਾ ਹਨ। ਅਗਰ ਇਨ੍ਹਾਂ ਬੱਚਿਆਂ ਨੂੰ ਕਿਸੇ ਵੀ ਪ੍ਰਕਾਰ ਦੀ ਰੁਕਾਵਟ ਆ ਰਹੀ ਹੈ ਤਾਂ ਅਸੀਂ ਸਾਰਿਆਂ ਨੇ ਮਿਲਕੇ ਉਸ ਨੂੰ ਦੂਰ ਕਰਨਾ ਹੈ।

## ਸਕੂਲ ਵਿੱਚ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਮੁਸ਼ਕਲਾਂ ਰਹਿਤ ਚੌਗਿਰਦਾ ਪੈਦਾ ਕਰਨ ਸਬੰਧੀ
### (ਸਰਵ ਸਿੱਖਿਆ ਅਭਿਆਨ ਦੇ ਸਿਵਲ ਵਰਕਸ ਕੰਪੋਨੈਂਟ ਤਹਿਤ)

| ਲੜੀ ਨੰ | ਵੇਰਵਾ | ਬਜਟ ਦੀ ਮੱਦ | ਲਾਗੂ ਕਰਨ ਦੀ ਵਿਧੀ | ਮਨੀਟਰਿੰਗ |
|---|---|---|---|---|
| 1. | ਸਕੂਲ ਇਮਾਰਤ ਅਤੇ ਖੇਡ ਮੈਦਾਨਾਂ ਦੇ ਗੇਟ ਤੋਂ ਰਸਤੇ ਪੱਧਰੇ ਹੋਣੇ ਚਾਹੀਦੇ ਹਨ। | ਰੀਪੇਅਰ ਅਤੇ ਮੇਨਟੇਨੈਂਸ ਗਰਾਂਟ | ਸਿਵਲ ਵਰਕਸ ਅਧੀਨ ਬਲਾਕ ਲੈਵਲ ਤੇ ਪਸਵਕ ਮੈਂਬਰਾਂ ਨੂੰ ਟਰੇਨਿੰਗ ਦਿੱਤੀ ਜਾਵੇ। ਇਹ ਗਤੀਵਿਧੀਆਂ ਸਕੂਲ ਲੈਵਲ ਤੇ ਵੀ ਲਾਗੂ ਕੀਤੀਆਂ ਜਾਣ। | ਜ਼ਿਲ੍ਹਾ ਪੱਧਰੀ ਅਤੇ ਪਸਵਕ ਮੈਂਬਰਾਂ ਨੂੰ ਨਾਲ ਲੈਕੇ। |
| 2. | ਸਕੂਲ ਇਮਾਰਤ ਦੇ ਅੰਦਰ ਆਉਣ ਦੇ ਰਸਤੇ ਅਤੇ ਦਰਵਾਜ਼ੇ ਘੱਟੋ-ਘੱਟ 4 ਤੋਂ 5 ਫੁੱਟ ਚੌੜੇ ਹੋਣੇ ਚਾਹੀਦੇ ਹਨ। | ਰੀਪੇਅਰ ਅਤੇ ਮੇਨਟੇਨੈਂਸ ਗਰਾਂਟ ਅਤੇ ਨਵੀਂ ਸਕੂਲ ਇਮਾਰਤ | | |
| 3. | ਸਕੂਲ ਵਿਚਲਾ ਪਖਾਨਾ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਪਹੁੰਚ ਵਿੱਚ ਹੋਣਾ ਚਾਹੀਦਾ ਹੈ। | ਨਵੀਂ ਸਕੂਲ ਇਮਾਰਤ | | |
| 4. | ਪੀਣ ਵਾਲੇ ਪਾਣੀ ਦੀ ਟੂਟੀ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਪਹੁੰਚ ਵਿੱਚ ਹੋਣੀ ਚਾਹੀਦੀ ਹੈ। | ਸਿਵਲ-ਵਰਕਸ ਅਧੀਨ ਸਾਰੀਆਂ ਨਵੀਂਆਂ ਉਸਾਰੀਆਂ। | | |
| 5. | ਚੱਲਣ ਦੇ ਰਸਤਿਆਂ ਵਿੱਚ ਤਿੱਖਾ ਮੋੜ ਨਹੀਂ ਹੋਣਾ ਚਾਹੀਦਾ। | ਕੋਈ ਖਰਚ ਨਹੀਂ | | |
| 6. | ਚੱਲਣ ਦੇ ਰਸਤਿਆਂ ਵਿੱਚ ਲਟਕਦੀਆਂ ਅਤੇ ਵਧੀਆਂ ਹੋਈਆਂ ਰੁਕਾਵਟਾਂ ਨਹੀਂ ਹੋਣੀਆਂ ਚਾਹੀਦੀਆਂ ਜਿਵੇਂ ਖਿੜਕੀਆਂ, ਲਾਈਟਾਂ, ਝੁਕੀਆਂ ਹੋਈਆਂ ਗਮਲਿਆਂ ਵਿਚਲੀਆਂ ਟਾਹਣੀਆਂ ਅਤੇ ਸਾਈਨ ਬੋਰਡ ਆਦਿ। | ਕੋਈ ਖਰਚ ਨਹੀਂ | | |
| 7. | ਚੱਲਣ ਦੇ ਰਸਤਿਆਂ ਵਿੱਚ ਖਤਰਨਾਕ ਜਗ੍ਹਾ ਤੇ ਰੇਲਿੰਗ ਹੋਣੀ ਚਾਹੀਦੀ ਹੈ। ਇੱਕ ਦਮ ਉੱਚੇ ਤੋਂ ਨੀਵੇਂ ਅਤੇ ਨੀਵੇਂ ਤੋਂ ਉੱਚੇ ਲੈਵਲ ਵਾਲੀ ਜਗ੍ਹਾ, ਪੌੜੀਆਂ ਜਾਂ ਵਰਾਂਡੇ ਵਿੱਚ ਗਾਰਡ ਰੇਲਿੰਗ ਜਾਂ ਕਰਬ ਹੋਣੀ ਚਾਹੀਦੀ ਹੈ। | ਸਿਵਲ-ਵਰਕਸ ਅਧੀਨ ਸਾਰੀਆਂ ਨਵੀਂਆਂ ਉਸਾਰੀਆਂ ਅਤੇ ਆਈ. ਈ. ਅਧੀਨ ਬਣੀ ਇਮਾਰਤ | | |

| ਲੜੀ ਨੰ | ਵੇਰਵਾ | ਬਜਟ ਦੀ ਮੱਦ | ਲਾਗੂ ਕਰਨ ਦੀ ਵਿਧੀ | ਮਨੀਟਰਿੰਗ |
|---|---|---|---|---|
| 8. | ਹੈਂਡ ਰੇਲਿੰਗ ਦੇ ਸਿਰੇ ਦਾ ਮੋੜ ਹੇਠਾਂ ਵੱਲ ਹੋਣਾ ਚਾਹੀਦਾ ਹੈ ਤਾਂ ਜੋ ਹੱਥਾਂ ਤੇ ਵੱਜ ਕੇ ਜ਼ਖ਼ਮ ਨਾ ਕਰੇ। | ਕੋਈ ਖਰਚ ਨਹੀਂ | | |
| 9. | ਪੌੜੀਆਂ ਦੇ ਸਟੈਪ ਇੱਕੋ ਜਿਹੀ ਉਚਾਈ ਦੇ ਹੋਣੇ ਚਾਹੀਦੇ ਹਨ। | ਸਿਵਲ-ਵਰਕਸ ਅਧੀਨ ਸਾਰੀਆਂ ਨਵੀਂਆਂ ਉਸਾਰੀਆਂ ਅਤੇ ਆਈ. ਈ. ਅਧੀਨ ਬਣੀ ਇਮਾਰਤ | | |
| 10. | ਪੌੜੀਆਂ ਦੇ ਸ਼ੁਰੂ ਅਤੇ ਅੰਤ ਤੇ ਚਮਕੀਲੇ ਰੰਗ ਜਿਵੇਂ ਪੀਲਾ ਰੰਗ ਵਰਤਿਆ ਜਾਵੇ ਤਾਂ ਕਿ ਸੌਖਿਆਂ ਪਤਾ ਲੱਗ ਸਕੇ। | ਰੀਪੇਅਰ ਅਤੇ ਮੇਨਟੇਨੈਂਸ ਗਰਾਂਟ | | |
| 11. | ਸਾਰੇ ਸਾਈਨ ਬੋਰਡ (ਇਸ਼ਾਰਾ ਤਖਤੀਆਂ) ਛਾਪੀਆਂ ਹੋਈਆਂ, ਦਿਖਾਈ ਦੇਣ ਵਾਲੀਆਂ ਅਤੇ ਬਰੇਲ ਲਿਪੀ ਵਿੱਚ ਬੱਚਿਆਂ ਲਈ ਪੜ੍ਹਨਯੋਗ ਉਚਾਈ ਤੇ (ਘੱਟੋ-ਘੱਟ 3 ਫੁੱਟ) ਉੱਤੇ ਲੱਗੇ ਹੋਣੇ ਚਾਹੀਦੇ ਹਨ। | ਆਈ.ਈ.ਅਧੀਨ | | |
| 12. | ਸਾਰੀਆਂ ਸਤਹਿਆਂ (ਫਰਸ਼) ਬਿਨਾਂ ਤਿਲਕਣ ਵਾਲੀਆਂ ਹੋਣੀਆਂ ਚਾਹੀਦੀਆਂ ਹਨ ਅਤੇ ਬਜ਼ਰੀ/ਰੋੜੀ ਆਦਿ ਤੋਂ ਰਹਿਤ ਹੋਣੀਆਂ ਚਾਹੀਦੀਆਂ ਹਨ। | ਕੋਈ ਖਰਚ ਨਹੀਂ | | |
| 13. | ਕੁਦਰਤੀ ਰੋਸ਼ਨੀ ਵੱਧ ਤੋਂ ਵੱਧ ਇਸਤੇਮਾਲ ਹੋਣੀ ਚਾਹੀਦੀ ਹੈ। ਲੋੜੀਂਦੀ ਰੋਸ਼ਨੀ ਅਤੇ ਹਵਾ ਦੇ ਲਈ ਜਰੂਰੀ ਖਿੜਕੀਆਂ ਹੋਣੀਆਂ ਚਾਹੀਦੀਆਂ ਹਨ। | ਕੋਈ ਖਰਚ ਨਹੀਂ | | |
| 14. | ਸਾਰੇ ਬੱਚਿਆਂ ਦੀ ਸੁੱਰਖਿਆ ਨੂੰ ਯਕੀਨੀ ਬਣਾਉਣ ਲਈ ਕਿਸੇ ਕਿਸਮ ਦੀ ਖਤਰਨਾਕ ਵਸਤੂ (ਖਿੜਕੀ ਦਾ ਟੁੱਟਿਆ ਸ਼ੀਸ਼ਾ, ਟੁੱਟੀ ਹੋਈ ਪੌੜ੍ਹੀ, ਟੁੱਟਿਆ ਫਰਨੀਚਰ ਅਤੇ ਅਸੁਰਖਿਅਤ ਛੱਤ ਆਦਿ) ਨਹੀਂ ਹੋਣੀ ਚਾਹੀਦੀ। | ਕੋਈ ਖਰਚ ਨਹੀਂ | | |
| 15. | ਢਲਾਣ ਦੀ ਮਾਨਕ ਰੇਸ਼ੋ 1:12 ਦੀ ਸਖਤੀ ਨਾਲ ਪਾਲਣਾ ਕਰਨੀ ਚਾਹੀਦੀ ਹੈ ਅਤੇ ਸਾਰੀਆਂ ਢਲਾਣਾਂ ਤੇ ਹੱਥ-ਰੇਲਿੰਗ ਹੋਣੀ ਚਾਹੀਦੀ ਹੈ। | ਨਵੀਂ ਸਕੂਲ ਇਮਾਰਤ | | |
| 16. | ਪੌੜੀਆਂ/ਕਰਵਾਂ ਦੇ ਸ਼ੁਰੂ ਹੋਣ ਤੋਂ ਪਹਿਲਾਂ ਚੇਤਾਵਨੀ ਲਈ ਸਟਰਿਪ/ਟੈਕਸਚਰ ਬਣਾਏ ਜਾਣ ਤਾਂ ਜੋ ਅੰਨ੍ਹੇ ਬੱਚੇ ਡਿੱਗ ਨਾ ਜਾਣ। | ਆਈ.ਈ.ਅਧੀਨ | | |

# ਪਾਠ-11

# ਸਰਵ ਸਿੱਖਿਆ ਅਭਿਆਨ ਅਧੀਨ ਸੇਵਾਕ੍ਰਿਤ ਅਧਿਆਪਕਾਂ ਦੀ ਟਰੇਨਿੰਗ

| ਲੜੀ ਨੰ | ਵੇਰਵਾ | ਬਜਟ ਦੀ ਮੱਦ | ਲਾਗੂ ਕਰਨ ਦੀ ਵਿਧੀ | ਮਨੀਟਰਿੰਗ |
|---|---|---|---|---|
| 1. | ਇਹ ਯਕੀਨੀ ਬਣਾਇਆ ਜਾਵੇ ਕਿ ਪੜ੍ਹਾਉਣ ਅਤੇ ਸਿਖਾਉਣ ਦੀ ਸਮੱਗਰੀ ਸ਼੍ਰੇਣੀ ਦੇ ਕਮਰੇ ਵਿੱਚ ਉਪਲੱਬਧ ਅਤੇ ਪਹੁੰਚ ਵਿੱਚ ਹੋਵੇ। | ਸਰਵ ਸਿੱਖਿਆ ਅਭਿਆਨ ਅਧੀਨ ਸਰਕਾਰੀ ਸੇਵਾ ਵਿੱਚ ਅਧਿਆਪਕਾਂ ਦੀ 20 ਦਿਨਾਂ ਟੀਚਰ- ਟਰੇਨਿੰਗ ਦਾ ਹਿੱਸਾ। | ਬਲਾਕ ਅਤੇ ਡਾਈਟ ਦੀ ਟੀਚਰ ਟਰੇਨਿੰਗ ਦਾ ਹਿੱਸਾ। ਇਹ ਗਤੀਵਿਧੀਆਂ ਸਕੂਲ ਲੈਵਲ ਤੇ ਵੀ ਲਾਗੂ ਕੀਤੀਆਂ ਜਾਣ। | ਜ਼ਿਲ੍ਹਾ ਅਤੇ ਬਲਾਕ ਲੈਵਲ |
| 2. | ਇਹ ਯਕੀਨੀ ਬਣਾਇਆ ਜਾਵੇ ਕਿ ਵਿਸ਼ੇਸ਼ ਲੋੜਾਂ ਵਾਲੇ ਬੱਚੇ ਪੜ੍ਹਾਈ ਅਤੇ ਕ੍ਰਿਆਤਮਕ ਗਤੀਵਿਧੀਆਂ ਵਿੱਚ ਹਿੱਸਾ ਲੈਣ। | | | |
| 3. | ਅਧਿਆਪਕ ਨੂੰ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਸਹੀ ਬੈਠਣ ਦੀ ਜਗ੍ਹਾ ਉਨ੍ਹਾਂ ਦੀ ਜ਼ਰੂਰਤ ਨੂੰ ਧਿਆਨ ਵਿੱਚ ਰੱਖ ਕੇ ਦੇਣੀ ਚਾਹੀਦੀ ਹੈ। ਹਰ ਬੱਚੇ ਨੂੰ ਨਿੱਜੀ ਧਿਆਨ ਦੇਣਾ ਚਾਹੀਦਾ ਹੈ। | | | |
| 4. | ਵਿਸ਼ੇਸ਼ ਲੋੜਾਂ ਵਾਲੇ ਅਸਿਸਟਿਵ ਡਿਵਾਈਸ ਵਰਤਣ ਵਾਲੇ ਬੱਚਿਆਂ ਲਈ ਜ਼ਰੂਰਤ ਅਨੁਸਾਰ ਖੁੱਲੀ ਜਗ੍ਹਾ ਰੱਖਣੀ ਚਾਹੀਦੀ ਹੈ। | | | |
| 5. | ਰੀਸੋਰਸ ਰੂਮ ਅਧਿਆਪਕ ਅਤੇ ਮਾਪਿਆਂ ਦੀ ਸਹਾਇਤਾ ਨਾਲ ਸੀ.ਪੀ.ਬੱਚਿਆਂ ਦੀ ਸਹੀ ਸੂਚੀ ਬਣਾਈ ਜਾਵੇ ਅਤੇ ਉਨ੍ਹਾਂ ਨੂੰ ਧਿਆਨ ਨਾਲ ਰੱਖਿਆ ਜਾਵੇ। | | | |
| 6. | ਚੱਲਣ-ਫਿਰਨ ਵਿੱਚ ਅਸਮਰੱਥ ਬੱਚਿਆਂ ਲਈ ਸਾਰੀਆਂ ਸ਼੍ਰੇਣੀਆਂ ਅਤੇ ਪੜ੍ਹਾਈ ਦਾ ਪ੍ਰਬੰਧ ਹੇਠਲੀ ਮੰਜ਼ਿਲ ਤੇ ਕੀਤਾ ਜਾਵੇ। | | | |
| 7. | ਲਿਖਣ ਵਿੱਚ ਅਸਮਰੱਥ ਬੱਚਿਆਂ ਲਈ ਯੋਗ ਲਿਖਾਈ ਦਾ ਪ੍ਰਬੰਧ ਕੀਤਾ ਜਾਵੇ। | | | |

| ਲੜੀ ਨੰ | ਵੇਰਵਾ | ਬਜਟ ਦੀ ਮੱਦ | ਲਾਗੂ ਕਰਨ ਦੀ ਵਿਧੀ | ਮਨੀਟਰਿੰਗ |
|---|---|---|---|---|
| | ਸੀ.ਪੀ. ਬੱਚਿਆਂ ਨੂੰ ਜਵਾਬ ਦੇਣ ਲਈ ਲੋੜੀਂਦਾ ਸਮਾਂ ਆਮ ਨਾਲੋਂ ਵੱਧ ਦਿੱਤਾ ਜਾਵੇ ਕਿਉਂਕਿ ਉਨ੍ਹਾਂ ਨੂੰ ਬੋਲਣ ਜਾਂ ਦੱਸਣ ਵਿੱਚ ਦਿੱਕਤ ਹੋ ਸਕਦੀ ਹੈ। | | | |
| | ਭਾਸ਼ਾ ਅਤੇ ਪਾਠ-ਕ੍ਰਮ ਦਾ ਪੱਧਰ ਬੱਚੇ ਦੀ ਸਮਝ ਸ਼ਕਤੀ ਨੂੰ ਧਿਆਨ ਵਿੱਚ ਰੱਖਕੇ ਨਿਰਧਾਰਿਤ ਕੀਤਾ ਜਾਵੇ। | | | |
| | ਪੜ੍ਹਾਉਣ-ਸਿਖਾਉਣ ਸਮੱਗਰੀ ਵਰਗੇ ਸਾਧਨਾਂ ਦੀ ਵਰਤੋਂ ਕੀਤੀ ਜਾਵੇ। | | | |
| | ਬੱਚੇ ਦੀ ਸਮਝ ਦੇ ਪੱਧਰ ਨੂੰ ਧਿਆਨ ਵਿੱਚ ਰੱਖਕੇ ਪਾਠ-ਕ੍ਰਮ ਅਤੇ ਮੁਲਾਂਕਣ ਨਿਰਧਾਰਿਤ ਕੀਤਾ ਜਾਵੇ। (ਉਦਾਹਰਨ ਵੱਜੋਂ ਪੜ੍ਹਾਏ ਜਾਣ ਵਾਲਾ ਪਾਠ-ਕ੍ਰਮ ਘੱਟ ਕੀਤਾ ਜਾ ਸਕਦਾ ਹੈ ਜਾਂ ਪ੍ਰਸ਼ਨ ਸਿਰਫ ਖਾਲੀ ਸਥਾਨ ਭਰੋ ਜਾਂ ਸਹੀ ਉੱਤਰ ਲੱਭੋ ਵਾਲੇ ਦਿੱਤੇ ਜਾ ਸਕਦੇ ਹਨ) | | | |
| | ਪੂਰਾ ਸੁਣਨ ਤੋਂ ਅਸਮੱਰਥ ਬੱਚਿਆਂ ਦੀ ਸੀਟ ਆਪਣੇ ਅਤੇ ਬੋਰਡ ਦੇ ਨਜ਼ਦੀਕ ਲਗਾਓ ਤਾਂ ਕਿ ਉਹ ਪੜ੍ਹਾਉਣ ਵਾਲੇ ਦੇ ਹਿੱਲਦੇ ਬੁੱਲ੍ਹ ਅਤੇ ਬੋਰਡ ਨੂੰ ਸੌਖਿਆਂ ਦੇਖ ਕੇ ਸਮਝ ਸਕੇ। | | | |
| | ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਨੂੰ ਜਿਥੇ ਸਮਝਣ ਲਈ ਜ਼ਿਆਦਾ ਸਮੇਂ ਦੀ ਲੋੜ ਹੋਵੇ, ਉਥੇ ਹੋਰ ਵਾਧੂ ਸਮਾਂ ਦਿੱਤਾ ਜਾਵੇ। | | | |
| | ਘੱਟ ਨਜ਼ਰ ਵਾਲੇ ਬੱਚਿਆਂ ਨੂੰ ਬੋਰਡ ਅਤੇ ਆਪਣੇ ਨੇੜੇ ਬਿਠਾਇਆ ਜਾਵੇ ਤਾਂ ਕਿ ਬੋਰਡ ਅਤੇ ਤੁਹਾਡੇ ਹਿੱਲਦੇ ਬੁੱਲਾਂ ਨੂੰ ਅਸਾਨੀ ਨਾਲ ਦੇਖ ਕੇ ਸਮਝ ਸਕੇ। | | | |
| | ਇਨ੍ਹਾਂ ਬੱਚਿਆਂ ਲਈ ਪੜ੍ਹਾਈ ਪ੍ਰੈਕਟੀਕਲੀ ਹੋਣੀ ਚਾਹੀਦੀ ਹੈ। | | | |
| | ਪੜ੍ਹਾਉਂਦੇ ਸਮੇਂ ਬੋਲ ਕੇ ਦਿਸ਼ਾ ਨਿਰਦੇਸ਼ ਦਿੱਤੇ ਜਾਣ। | | | |

## ਪਾਠ-12

# ਸਰਵ ਸਿੱਖਿਆ ਅਭਿਆਨ ਅਧੀਨ ਇਨਕਲੂਸਿਵ ਐਜੂਕੇਸ਼ਨ ਟੀਚਰ ਟਰੇਨਿੰਗ

| ਲੜੀ ਨੰ | ਵੇਰਵਾ | ਬਜਟ ਦੀ ਮੱਦ | ਲਾਗੂ ਕਰਨ ਦੀ ਵਿਧੀ | ਮਨੀਟਰਿੰਗ |
|---|---|---|---|---|
| 1. | ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਲੋੜ ਅਨੁਸਾਰ ਯੋਗਤਾ ਜਾਂਚਣ ਦੇ ਤਰੀਕੇ ਬਦਲੇ ਜਾਣ, ਪੜ੍ਹਾਈ ਦੇ ਤਰੀਕੇ ਬਦਲੇ ਜਾਣ ਜਿਵੇਂ ਕਿ ਇਸ਼ਾਰਿਆਂ ਅਤੇ ਨਿਸ਼ਾਨਾਂ ਦੀ ਵਰਤੋਂ ਅਤੇ ਸਿੱਖਣ ਵਾਲੇ ਸਮਾਨ ਦੀ ਵਰਤੋਂ। | ਆਈ.ਈ.ਫੰਡਜ਼ | ਬਲਾਕ ਅਤੇ ਡਾਈਟ ਦੀ ਇਨਕਲੂਸਿਵ ਸਿੱਖਿਆ ਤੇ ਟੀਚਰ ਟਰੇਨਿੰਗ ਦਾ ਹਿੱਸਾ। ਇਹ ਗਤੀਵਿਧੀਆਂ ਸਕੂਲ ਲੈਵਲ ਤੇ ਵੀ ਲਾਗੂ ਕੀਤੀਆਂ ਜਾਣ। | ਜ਼ਿਲ੍ਹਾ ਅਤੇ ਬਲਾਕ ਲੈਵਲ |
| 2. | ਲੋੜ ਪੈਣ ਤੇ ਰਿਸੋਰਸ ਅਧਿਆਪਕ ਦੀ ਮੱਦਦ ਨਾਲ (ਭਾਰਤੀ) ਪੰਜਾਬੀ ਭਾਸ਼ਾ ਵਿੱਚ ਨਿਸ਼ਾਨ ਭਾਸ਼ਾ ਦੀ ਵਰਤੋਂ ਕਰੋ। | | | |
| 3. | ਭਾਸ਼ਾ ਸਿੱਖਣ ਵਿੱਚ ਅਸਮਰੱਥ ਬੱਚਿਆਂ ਲਈ ਤਿੰਨ ਭਾਸ਼ਾ ਦੇ ਸੂਤਰ ਨੂੰ ਛੱਡ ਕੇ ਇਸ਼ਾਰੇ ਵਾਲੀ ਭਾਸ਼ਾ ਵਰਤੀ ਜਾਵੇ। | | | |
| 4. | ਕੋ-ਕੁਰੀਕੁਲਰ (ਖੇਡਾਂ) ਲਈ ਨਿਸ਼ਾਨ ਭਾਸ਼ਾ ਦੀ ਵਰਤੋਂ ਕੀਤੀ ਜਾਵੇ ਤਾਂ ਜੋ ਨਾਲ ਵਾਲੇ ਬੱਚਿਆਂ ਦਾ ਸਹਿਯੋਗ ਮਿਲ ਸਕੇ। | | | |
| 5. | ਨਾਲ ਵਾਲੇ ਬੱਚਿਆਂ ਦੇ ਸਹਿਯੋਗ ਦੀ ਵਰਤੋਂ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੇ ਭਾਗ ਲੈਣ ਲਈ ਕੀਤੀ ਜਾਵੇ। | | | |
| 6. | ਨਾਲ ਵਾਲੇ ਬੱਚਿਆਂ ਦੇ ਸਹਿਯੋਗ ਦੀ ਵਰਤੋਂ ਗੱਲਬਾਤ ਅਤੇ ਚੱਲਣਾ ਫਿਰਨਾ ਵਧਾਉਣ ਲਈ ਕੀਤੀ ਜਾਵੇ। | | | |
| 7. | ਵਿਗਿਆਨ ਲੈਬ ਵਿੱਚ ਬਰੇਲ ਲਿੱਪੀ ਦੇ ਲੇਬਲ ਲਾਏ ਜਾਣ ਅਤੇ ਸਪਰਸ਼ ਵਾਲੇ ਚਾਰਟ, ਫੋਟੋਆਂ ਲਾਈਆਂ ਜਾਣ। | | | |
| 8. | Emboss ਅਤੇ ਸਪਰਸ਼ (ਓ ਵਾਲੇ ਟੀ.ਐਲ.ਐਮ. (ਨਕਸ਼ੇ, ਗਲੋਬ, ਚਾਰਟ, ਮਾਡਲ ਅਤੇ ਡਾਇਆਗ੍ਰਾਮ ਆਦਿ) ਉਪਲੱਬਧ ਕਰਵਾਈਆਂ ਜਾਣ। | | | |

| ਲੜੀ ਨੰ | ਵੇਰਵਾ | ਬਜਟ ਦੀ ਮੱਦ | ਲਾਗੂ ਕਰਨ ਦੀ ਵਿਧੀ | ਮਨੀਟਰਿੰਗ |
|---|---|---|---|---|
| 9. | ਵੇਖਣ ਵਾਲੀਆਂ, ਸਪਰਸ਼ ਵਾਲੀਆਂ ਅਤੇ ਫੋਟੋ ਵਾਲੀਆਂ ਸਿੱਖਣ ਲਈ ਸਹੂਲਤਾਂ ਉਪਲੱਬਧ ਕਰਵਾਈਆਂ ਜਾਣ। | | | |
| 10. | ਵੇਖਣ ਵਿੱਚ ਮੁਸ਼ਕਲ ਵਾਲੇ ਬੱਚਿਆਂ ਨੂੰ ਰੋਜ਼-ਮਰ੍ਹਾ ਦੀ ਜ਼ਿੰਦਗੀ ਲਈ ਜ਼ਰੂਰੀ ਕੰਮ, ਆਲੇ ਦੁਆਲੇ ਬਾਰੇ ਗਿਆਨ ਅਤੇ ਚੱਲਣ-ਫਿਰਨ (ਆਪਣੇ ਵਰਗਾ ਇਨਸਾਨ/ਗਾਈਡ ਤਰੀਕਾ) ਦੀ ਸਿਖਲਾਈ ਦਿੱਤੀ ਜਾਵੇ। | | | |
| 11. | ਵੇਖਣ ਵਿੱਚ ਮੁਸ਼ਕਲ ਵਾਲੇ ਬੱਚਿਆਂ ਨੂੰ ਸਕੂਲ ਦੇ ਵਾਤਾਵਰਨ, ਆਲੇ ਦੁਆਲੇ ਬਾਰੇ ਗਿਆਨ ਅਤੇ ਗਤੀਵਿਧੀਆਂ ਵਿੱਚ ਭਾਗ ਲੈਣਾ ਯਕੀਨੀ ਬਣਾਇਆ ਜਾਵੇ। | | | |
| 12. | ਘੱਟ ਨਜ਼ਰ ਵਾਲੇ ਬੱਚਿਆਂ ਨੂੰ ਰੀਸੋਰਸ ਅਧਿਆਪਕ ਦੀ ਮੱਦਦ ਨਾਲ ਬਾਕੀ ਬਚੀ ਨਜ਼ਰ ਦੀ ਵੱਧ ਤੋਂ ਵੱਧ ਵਰਤੋਂ ਕਰਨ ਦੀ ਸਿਖਲਾਈ ਦਿੱਤੀ ਜਾਵੇ। | | | |
| 13. | ਸੁਣਨ ਵਿੱਚ ਕਮੀ ਵਾਲੇ ਬੱਚਿਆਂ ਨੂੰ ਰਿਸੋਰਸ ਅਧਿਆਪਕ ਸੁਣਨ ਦੀ ਸਿਖਲਾਈ ਦੇਣ ਤਾਂ ਜੋ ਬਾਕੀ ਬਚੀ ਸੁਣਨ ਦੀ ਸ਼ਕਤੀ ਦਾ ਵੱਧ ਤੋਂ ਵੱਧ ਇਸਤੇਮਾਲ ਹੋ ਸਕੇ। | | | |
| 14. | ਸਾਰੀ ਜਾਣਕਾਰੀ ਲੋੜੀਂਦੇ ਤਰੀਕੇ ਨਾਲ ਉਪਲੱਬਧ ਕਰਵਾਈ ਜਾਵੇ। (ਜਿਵੇਂ ਬਰੇਲ, ਨਿਸ਼ਾਨ ਵਾਲੀ ਭਾਸ਼ਾ, ਈ ਟੈਕਸਟ, ਵੱਡੇ ਪ੍ਰਿੰਟ ਸਪਰਸ਼ ਵਾਲੇ, ਸੁਣਨ-ਦੇਖਣ ਵਾਲੇ ਆਦਿ) | | | |
| 15. | ਚੱਲਣ-ਫਿਰਨ ਅਤੇ ਰੋਜ਼ਾਨਾ ਜ਼ਿੰਦਗੀ ਜਿਉਣ ਦੇ ਢੰਗ ਤਰੀਕੇ ਸਿਖਾਉਣ ਲਈ ਰੀਸੋਰਸ ਅਧਿਆਪਕ/ਮਾਪੇ ਅਤੇ ਹਮ-ਉਮਰ ਬੱਚਿਆਂ ਦੀ ਮੱਦਦ ਲਈ ਜਾਵੇ। | | | |
| 16. | ਭਾਸ਼ਾਈ ਗਿਆਨ ਵਿੱਚ ਮੁਸ਼ਕਲ ਵਾਲੇ ਬੱਚਿਆਂ ਦੀ ਯੋਗਤਾ ਵੇਖਣ ਲਈ ਸਹੀ ਜਵਾਬ (ਅਬਜੈਕਟਿਵ ਟਾਇਪ) ਵਰਗੇ ਪ੍ਰਸ਼ਨ ਪੁੱਛੇ ਜਾਣ ਨਾ ਕਿ ਵਿਸਥਾਰ ਪੂਰਵਕ ਉੱਤਰ ਵਾਲੇ ਪ੍ਰਸ਼ਨ (ਐਸੇ-ਟਾਇਪ)। | | | |

## ਪਾਠ-13

# ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਸਹਾਇਤਾ ਸਮੱਗਰੀ ਅਤੇ ਤਕਨੀਕੀ ਸਮੱਗਰੀ (ਅਸਿਸਟਿਵ ਟੇਕਨਾਲੋਜੀ)

| ਲੜੀ ਨੰ | ਵੇਰਵਾ | ਬਜਟ ਦੀ ਮੱਦ | ਲਾਗੂ ਕਰਨ ਦੀ ਵਿਧੀ | ਮਨੀਟਰਿੰਗ |
|---|---|---|---|---|
| 1. | ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਕਾਬਲੀਅਤ ਵਧਾਉਣ ਵਾਲੇ ਤਰੀਕੇ ਵਰਤੇ ਜਾਣ। | ਆਈ.ਈ. ਫੰਡਜ਼ | ਸਾਰੀ ਸਹਾਇਤਾ ਸਮੱਗਰੀ ਜ਼ਿਲ੍ਹਾ ਪੱਧਰ ਤੋਂ ਉਪਲੱਬਧ ਕਰਵਾਈ ਜਾਵੇ। | ਜ਼ਿਲ੍ਹਾ ਅਤੇ ਬਲਾਕ ਲੈਵਲ |
| 2. | ਸਹਾਇਤਾ ਸਮੱਗਰੀ (ਜਿਵੇਂ ਕੈਲੀਪਰਜ਼/ ਵ੍ਹੀਲ- ਚੇਅਰ, ਕਰੱਚਜ਼, ਪੈਨਸਿਲ ਗਰਿਪਸ/ ਵਿਚਾਰ-ਵਿਟਾਂਦਰਾ ਬੋਰਡ, ਆਦਿ) ਉਪਲੱਬਧ ਕਰਾਈ ਜਾਵੇ। | | | |
| 3. | ਸੁਣਨ ਵਾਲੀਆਂ ਮਸ਼ੀਨਾਂ ਉਪਲੱਬਧ ਕਰਵਾਈਆਂ ਜਾਣ ਤੇ ਇਨ੍ਹਾਂ ਦੇ ਰੱਖ-ਰਖਾਵ ਦਾ ਪ੍ਰਬੰਧ ਕੀਤਾ ਜਾਵੇ। | | | |
| 4. | ਭਾਸ਼ਾਈ ਗਿਆਨ ਵਿੱਚ ਮੁਸ਼ਕਲ ਵਾਲੇ ਬੱਚਿਆਂ ਨੂੰ ਭਾਸ਼ਾ ਸਬੰਧੀ ਅਤੇ ਪੜ੍ਹਣ ਵਾਲਾ ਸਾਫਟਵੇਅਰ ਉਪਲੱਬਧ ਕਰਵਾਇਆ ਜਾਵੇ। | | | |
| 5. | ਸਮਝ ਵਿੱਚ ਆ ਸਕਣ ਵਾਲੀ ਪੜ੍ਹਾਈ ਦੀ ਸਿੱਖਿਆ ਸਮੱਗਰੀ (ਬਰੇਲ, ਵੱਡੇ ਪ੍ਰਿੰਟ, ਸੁਣਨ ਵਾਲੀ ਸਮੱਗਰੀ, ਈ.ਟੈਕਸਟ, ਆਦਿ) ਉਪਲੱਬਧ ਕਰਾਈ ਜਾਵੇ। | | | |
| 6. | ਦੁ-ਭਾਸ਼ੀਏ ਰਾਹੀਂ ਜਾਂ ਇਲੈਕਟਰੋਨਿਕ ਯੰਤਰ ਰਾਹੀਂ ਲੋੜੀਂਦੀ ਭਾਸ਼ਾ ਵਿੱਚ ਗੱਲਬਾਤ ਅਤੇ ਜਾਣਕਾਰੀ ਉਪਲੱਬਧ ਕਰਵਾਈ ਜਾਵੇ। | | | |
| 7. | ਸਹਾਇਤਾ ਸਮੱਗਰੀ (ਬਰੇਲ, ਟੇਲਰ-ਫਰੇਮ, ਚਿੱਟੀ ਛੜੀ, ਅਬੈਕਸ, ਦੇਖਣ ਸਹਾਇਤਾ ਸਮੱਗਰੀ, ਵੱਡਾ ਦੇਖਣ ਵਾਲੀ ਸਮੱਗਰੀ, ਲੋੜੀਂਦਾ ਸਾਫਟਵੇਅਰ ਅਤੇ ਤਕਨੀਕੀ ਸਮੱਗਰੀ ਆਦਿ) ਦੀ ਉਪਲੱਬਧਤਾ ਅਤੇ ਜਾਣਕਾਰੀ ਯਕੀਨੀ ਬਣਾਈ ਜਾਵੇ | | | |

# ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਪ੍ਰਤੀ ਕੁਝ ਧਿਆਨ ਦੇਣ ਯੋਗ ਗੱਲਾਂ

## ਕਰੋ (✓)




ਕਲਾਸਰੂਮ ਦਾ ਸੁਧਾਰ ਕਰੋ।



ਚੰਗੇ ਸਿੱਖਣ ਲਈ ਪੁਰਸਕਾਰ ਪ੍ਰਣਾਲੀ ਵਰਤੋ ਜਿਵੇਂ ਪ੍ਰਸ਼ੰਸਾ, ਜੱਫੀ ਆਦਿ।



ਗਤੀਵਿਧੀ ਨੂੰ ਜਾਣਨ ਤੇ ਸਮਝਣ ਦਾ ਮੌਕਾ ਦਿਓ।




ਜਮਾਤੀ ਸਮੂਹ ਦੀ ਸਹਾਇਤਾ ਸੁਲੱਭ ਕਰੋ।




ਪਾਠਕ੍ਰਮ-ਬਾਹਰੀ ਗਤੀਵਿਧੀਆਂ ਵਿਚ ਸ਼ਮੂਲੀਅਤ ਨੂੰ ਉਤਸ਼ਾਹਤ ਕਰੋ।



ਬੱਚੇ ਵਲੋਂ ਕੀਤੇ ਹਰ ਸਫਲ ਯਤਨ ਦੀ ਪ੍ਰਸ਼ੰਸਾ ਕਰਕੇ ਉਤਸ਼ਾਹਿਤ ਕਰੋ।



ਬੱਚੇ ਦੀ ਸਿਖਿਆ ਤੇ ਭਵਿੱਖ ਦੀ ਯੋਜਨਾ ਬੱਚੇ ਤੇ ਮਾਪਿਆਂ ਨਾਲ ਰਲ ਕੇ ਬਣਾਓ।




ਬੱਚੇ ਦੀ ਜਿਸਮਾਨੀ ਤੇ ਭਾਵਨਾਤਮਕ ਸੁਰੱਖਿਆ ਯਕੀਨੀ ਬਣਾਓ।

# ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਪ੍ਰਤੀ ਕੁਝ ਧਿਆਨ ਦੇਣ ਯੋਗ ਗੱਲਾਂ


## ਨਾ ਕਰੋ (x)



ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀ ਯੋਗਤਾ
ਨੂੰ ਕਦੀ ਘਟਾ ਕੇ ਨਾ ਮਾਪੋ।




ਬੱਚੇ ਦੀ ਅਯੋਗਤਾ ਦਾ ਮਜ਼ਾਕ ਨਾ ਉਡਾਓ।




ਬੱਚਿਆਂ ਉਤੇ ਸਿੱਖਣ ਸਮੱਗਰੀ ਦਾ
ਬਹੁਤਾ ਵਜ਼ਨ ਨਾ ਪਾਓ।



ਬੱਚੇ ਨੂੰ ਬਾਕੀਆਂ ਤੋਂ ਅੱਡ ਨਾ ਬਿਠਾਓ।



ਕਦੀ ਨਾ ਸੋਚੋ ਕਿ ਵਿਸ਼ੇਸ਼ ਲੋੜਾਂ ਵਾਲਾ ਬੱਚਾ
ਬਾਕੀ ਬੱਚਿਆਂ ਨਾਲ ਨਹੀਂ ਖੇਡ ਸਕਦਾ।



ਬੱਚੇ ਨੂੰ ਜਿਸਮਾਨੀ ਜਾਂ ਮਾਨਸਿਕ
ਤੌਰ 'ਤੇ ਪਰੇਸ਼ਾਨ ਨਾ ਕਰੋ।




ਬੱਚੇ ਨੂੰ ਉਸਦੀ ਅਪੰਗਤਾ ਦਾ ਅਹਿਸਾਸ ਨਾ ਕਰਵਾਓ।




ਬੱਚੇ ਦੀ ਰਚਨਾਤਮਕਤਾ ਅਤੇ
ਦਿਲਚਸਪੀਆਂ ਨੂੰ ਦਬਾਓ ਨਾ।

## ਜੇਕਰ ਤੁਹਾਡੀ ਸ਼੍ਰੇਣੀ ਵਿਚ ਕਿਸੇ ਵੀ ਕਿਸਮ ਦਾ ਕੋਈ ਵਿਸ਼ੇਸ਼ ਲੋੜਾਂ ਵਾਲਾ ਵਿਦਿਆਰਥੀ ਹੈ ਤਾਂ ਅਧਿਆਪਕ ਅਤੇ ਹੋਰ ਵਿਦਿਆਰਥੀ ਧਿਆਨ ਦੇਣ:

1 ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀ ਨੂੰ ਮੂਹਰਲੀ ਕਤਾਰ ਵਿਚ ਬਿਠਾਓ ਅਤੇ ਸਕੂਲ ਦੀਆਂ ਸਾਰੀਆਂ ਗਤੀਵਿਧੀਆਂ/ਕ੍ਰਿਆਵਾਂ ਵਿਚ ਹਿੱਸੇਦਾਰ ਬਣਾਓ।

2 ਮਾਨਸਿਕ ਰੂਪ ਵਿਚ ਅਣਵਿਕਸਤ ਬੱਚੇ ਦੀ ਇਕਾਗਰਤਾ ਬਣਾਈ ਰੱਖਣ ਲਈ ਅਧਿਆਪਕ ਅਜਿਹੇ ਵਿਦਿਆਰਥੀਆਂ ਨਾਲ ਸੰਪਰਕ ਬਣਾਈ ਰੱਖੇ ਅਤੇ ਅੰਤ ਵਿਚ ਵਿਸ਼ਾ ਵਸਤੂ ਦੇ ਸਾਰ ਨੂੰ ਉਹਨਾਂ ਦੇ ਰੋਜ਼ਾਨਾ ਜੀਵਨ ਨਾਲ ਜੋੜ ਕੇ ਪੜ੍ਹਾਏ।

3 ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੇ ਮਾਪਿਆਂ ਨਾਲ ਸਮੇਂ ਸਮੇਂ ਤੇ ਸੰਪਰਕ ਕਰੋ ਅਤੇ ਉਨ੍ਹਾਂ ਦੀਆਂ ਉਪਲਬਧੀਆਂ ਬਾਰੇ ਜਾਣੂ ਕਰਾਓ।

4 ਕੰਨਾਂ ਤੋਂ ਸੁਣਨ ਦੀ ਸਮੱਸਿਆ ਤੋਂ ਪੀੜਤ ਬੱਚਾ ਜੇ ਤੁਹਾਡੀ ਸ਼੍ਰੇਣੀ ਵਿੱਚ ਹੈ ਤਾਂ ਉਥੇ ਅਧਿਆਪਕ ਧਿਆਨ ਦੇਵੇ ਕਿ ਬੱਚੇ ਨੂੰ ਬਲੈਕ ਬੋਰਡ, ਅਧਿਆਪਕ ਦਾ ਚਿਹਰਾ, ਬੁੱਲ੍ਹ ਅਤੇ ਹੱਥ, ਸਾਫ਼-ਸਾਫ਼ ਦਿਖਾਈ ਦੇਣ।

5 ਜਿਸ ਬੱਚੇ ਨੂੰ ਸੁਣਾਈ ਨਹੀਂ ਦਿੰਦਾ ਉਹ ਬੱਚਾ ਆਪਣਾ ਸੁਣਨ ਵਾਲਾ ਯੰਤਰ ਹਮੇਸ਼ਾਂ ਪਾ ਕੇ ਰੱਖੇ।

6 ਨਵੇਂ ਸ਼ਬਦਾਂ ਦੀ ਵਰਤੋਂ ਤੋਂ ਪਹਿਲਾਂ ਬਲੈਕ ਬੋਰਡ ਤੇ ਉਸਦਾ ਚਿੱਤਰ ਬਣਾਓ। ਸ਼ਬਦ ਨੂੰ ਲਿਖੋ ਫਿਰ ਬੋਲ ਕੇ ਸਮਝਾਓ।

7. ਬੱਚੇ ਨੂੰ ਉਸਦੇ ਨੇੜੇ ਤੇੜੇ ਦੇ ਵਾਤਾਵਰਨ ਜਿਵੇਂ ਸ਼੍ਰੇਣੀ, ਪੌੜੀਆਂ, ਕਲਾਸ ਰੂਮ, ਪਾਣੀ ਪੀਣ ਦੀ ਥਾਂ, ਪਖਾਨਾ, ਮੈਦਾਨ ਆਦਿ ਤੋਂ ਜਾਣੂ ਕਰਵਾਓ, ਜਿਸ ਨਾਲ ਉਹ ਸੁਤੰਤਰ ਰੂਪ ਵਿਚ ਘੁੰਮ ਸਕੇ। ਜੇਕਰ ਸਥਿਤੀ ਵਿਚ ਕੋਈ ਬਦਲਾਵ ਹੋਵੇ ਤਾਂ ਉਸ ਨੂੰ ਦੱਸੋ।

8. ਦ੍ਰਿਸ਼ਟੀ-ਹੀਣ ਬੱਚਿਆਂ ਦੀ ਪੜ੍ਹਾਈ-ਲਿਖਾਈ ਲਈ ਬਰੇਲ ਲਿਪੀ ਦੀ ਵਰਤੋਂ ਕੀਤੀ ਜਾਂਦੀ ਹੈ। ਜੇਕਰ ਸਕੂਲ ਵਿਚ ਇਸ ਤਰ੍ਹਾਂ ਦਾ ਬੱਚਾ ਹੈ ਤਾਂ ਨੇੜੇ ਦੀ ਇਹੋ ਜਿਹੀ ਕਿਸੇ ਸੰਸਥਾ ਨਾਲ ਸੰਪਰਕ ਕੀਤਾ ਜਾਵੇ ਜੋ ਕਿ ਬਰੇਲ ਪੁਸਤਕਾਂ, ਆਡਿਉ ਕੈਸਟਾਂ ਆਦਿ ਮੁਹੱਈਆ ਕਰਵਾ ਸਕੇ।

9. ਜੋਤ ਹੀਣ ਜਾਂ ਅਜਿਹੇ ਕੁੱਝ ਬੱਚੇ ਜਿਨ੍ਹਾਂ ਨੂੰ ਲਿਖਣ ਵਿਚ ਸਮੱਸਿਆ ਆਉਂਦੀ ਹੈ, ਤਾਂ ਉਨ੍ਹਾਂ ਨੂੰ ਇਮਤਿਹਾਨ ਸਮੇਂ ਆਪਣੀ ਲੇਖਣ ਪ੍ਰਕ੍ਰਿਆ ਪੂਰੀ ਕਰਨ ਲਈ ਵਾਧੂ ਸਮਾਂ ਦਿੱਤਾ ਜਾਵੇ ਅਤੇ ਲਿਖਣ ਵਾਲੇ ਵਿਅਕਤੀ ਦੀ ਸੁਵਿਧਾ ਦਿੱਤੀ ਜਾਵੇ।

10. ਕਿਸੇ ਵੀ ਨਵੇਂ ਕੰਮ ਨੂੰ ਸਿਖਾਉਣ ਪਿੱਛੋਂ ਉਸ ਦੀ ਮੁੜ ਜਾਣਕਾਰੀ ਦੇਣੀ ਜ਼ਰੂਰੀ ਹੈ।

11. ਸ਼੍ਰੇਣੀ ਤੋਂ ਬਾਹਰ ਦੇ ਵਾਤਾਵਰਨ ਨੂੰ ਔਖ ਮੁਕਤ ਰੱਖੋ। ਜਿਵੇਂ ਪੀਣ ਵਾਲੇ ਪਾਣੀ ਲਈ ਨਲਕੇ ਦੀ ਉਚਾਈ ਘੱਟ ਹੋਵੇ। ਬੱਚੇ ਨੂੰ ਸਰੀਰ ਦੇ ਅਕੜੇਵੇਂ ਦੇ ਕਾਰਨ ਬੈਠਣ ਵਿਚ ਮੁਸ਼ਕਿਲ ਹੋਵੇ ਤਾਂ ਪਖਾਨੇ ਵਿਚ ਸੀਟ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਨੇੜੇ ਹੀ ਕੋਈ ਰਾਡ ਜਾਂ ਲੱਕੜੀ ਲੱਗੀ ਹੋਵੇ ਜਿਸ ਨੂੰ ਫੜ ਕੇ ਉਹ ਆਸਾਨੀ ਨਾਲ ਉੱਠ ਸਕੇ।

12. ਜੇਕਰ ਵਿਦਿਆਰਥੀ ਵ੍ਹੀਲ-ਚੇਅਰ ਦੀ ਵਰਤੋਂ ਕਰਦਾ ਹੈ ਤਾਂ ਧਿਆਨ ਰੱਖਿਆ ਜਾਵੇ ਕਿ ਪੌੜੀਆਂ ਦੀ ਥਾਂ ਤਿਲਕਣ ਰਹਿਤ ਰੈਂਪ ਹੋਵੇ ਜਿਸ ਤੇ ਵ੍ਹੀਲ-ਚੇਅਰ ਆਸਾਨੀ ਨਾਲ ਆ ਜਾ ਸਕੇ। (ਇੱਕ ਫੁੱਟ ਉਚਾਈ ਲਈ 12 ਫੁੱਟ ਅੱਗੇ ਤੱਕ ਢਲਾਨ ਬਣਾਉਣਾ ਜ਼ਰੂਰੀ ਹੈ।)

13. ਜਿਨ੍ਹਾਂ ਬੱਚਿਆਂ ਨੂੰ ਬੋਲਣ ਸਬੰਧੀ ਸਮੱਸਿਆ ਹੈ ਜਾਂ ਜਿਨ੍ਹਾਂ ਦੀ ਭਾਸ਼ਾ ਸ਼ੁੱਧ ਨਹੀਂ ਹੈ ਤਾਂ ਉਨ੍ਹਾਂ ਨੂੰ ਸਹਿਜਤਾ ਨਾਲ ਸੁਣੋ ਅਤੇ ਆਪਣੀ ਗੱਲ ਪੂਰੀ ਤਰ੍ਹਾਂ ਕਹਿਣ ਦਾ ਮੌਕਾ ਦਿਉ।

14. ਅਧਿਆਪਕ ਸ਼੍ਰੇਣੀ ਅਤੇ ਸਕੂਲ ਦੇ ਹੋਰ ਵਿਦਿਆਰਥੀਆਂ ਨੂੰ ਸਮਝਾਉਣ ਕਿ ਉਹ ਬਾਕੀਆਂ ਨਾਲੋਂ ਅਲੱਗ ਦਿੱਸਣ ਵਾਲੇ ਬੱਚਿਆਂ ਦਾ ਮਜ਼ਾਕ ਨਾ ਉਡਾਣ ਅਤੇ ਧੱਕਾ ਨਾ ਦੇਣ ਬਲਕਿ ਉਨ੍ਹਾਂ ਨਾਲ ਦੋਸਤਾਨਾ ਵਿਹਾਰ ਰੱਖਣ ਅਤੇ ਉਨ੍ਹਾਂ ਦੀ ਮੱਦਦ ਕਰਨ।

15. ਮਾਨਸਿਕ ਵਿਕਲਾਂਗਤਾ ਦੇ ਰੂਪ ਵਿਚ ਨਾ ਸੁਣਨ ਵਾਲੇ ਜਾਂ ਦ੍ਰਿਸ਼ਟੀ-ਹੀਣ ਬੱਚਿਆਂ ਨੂੰ ਹਿਸਾਬ ਦਾ ਵਿਸ਼ਾ ਪੜ੍ਹਾਉਂਦੇ ਸਮੇਂ ਠੋਸ ਵਸਤੂਆਂ ਦਾ ਪ੍ਰਯੋਗ ਕੀਤਾ ਜਾਵੇ, ਜਿਵੇਂ ਜੋੜ ਸਿਖਾਉਣ ਲਈ ਵਿਦਿਆਰਥੀਆਂ ਨੂੰ ਵਸਤੂਆਂ ਗਿਣਨ ਲਈ ਦੇਣ ਤੇ ਫਿਰ ਪੁੱਛਣ ਕਿ ਕਿੰਨੀਆਂ ਚੀਜਾਂ ਹਨ? ਇਸ ਤਰ੍ਹਾਂ ਗਣਿਤ ਦਾ ਮੁੱਢਲਾ ਗਿਆਨ ਦਿੱਤਾ ਜਾਵੇ।

16. ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦਾ ਪਾਠਕ੍ਰਮ ਛੋਟੇ-ਛੋਟੇ ਹਿੱਸਿਆਂ ਵਿਚ ਵੰਡ ਕੇ ਪੜ੍ਹਾਇਆ ਜਾਵੇ ਅਤੇ ਪ੍ਰਸ਼ਨਾਂ ਦੇ ਉੱਤਰ ਦੇਣ ਤੇ ਉਨ੍ਹਾਂ ਦੀ ਪ੍ਰਸ਼ੰਸਾ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਸਨਮਾਨਤ ਕੀਤਾ ਜਾਵੇ।

17. ਪੜ੍ਹਾਉਂਦੇ ਸਮੇਂ ਅਧਿਆਪਕ ਬੱਚੇ ਦਾ ਨਾਂ ਲੈ ਕੇ ਗੱਲ ਕਰੇ ਅਤੇ ਬਲੈਕ-ਬੋਰਡ ਤੇ ਜੋ ਵੀ ਲਿਖਿਆ ਜਾਵੇ ਉਸ ਨੂੰ ਬੋਲ ਕੇ ਦ੍ਰਿਸ਼ਟੀ-ਹੀਣ ਬੱਚਿਆਂ ਨੂੰ ਦੱਸੇ।